# ਰੇਡੀਓ ਲਵੀਵਾਰ- ਟਿਕਾਊ ਵਿਕਾਸ

## ਕੜੀ-3, ਛੋਟਾ ਹੈ ਸੁੰਦਰ **( Small is Beautiful )**

ਲੇਖਕ: ਹੇਮੰਤ ਲਗਵਾਂਕਰ

ਪੰਜਾਬੀ ਰੁਪਾਂਤਰ ਤੇ ਲੇਖਣ: ਭਾਰਤ ਗਿਆਨ ਵਿਗਿਆਨ ਸੰਮਤੀ ਪੰਜਾਬ ਤੇ ਚੰਡੀਗੜ੍ਹ

(This is the episode on the topic 'Sustainability and Industrial Revolution'. The episode tries to focus on the drawbacks of present system of industries by taking review of the topic right from the industrial revolution which took place in 18th century. The increasing demands of ever increasing population are pressurizing for large scale production. However, this is affecting environment adversely. The episode emphasizes on how industries can fulfill needs of people in sustainable ways. It talks about the innovations and innovative practices. Also certain new concepts like '*cillage*' areintroduced through this episode.)

**ਪਾਤਰ**

ਇਸਤਰੀ ਸੂਤਰਧਾਰ

ਪੁਰਸ਼ ਸੂਤਰਧਾਰ

ਚੰਦਰ : ਸਕੂਲ ਪੜ੍ਹਦਾ ਵਿਦਿਆਰਥੀ ਉਮਰ 15-17 ਸਾਲ

ਕਰਮਜੀਤ : ਚੰਦਰ ਦੀ ਭੈਣ ਉਮਰ 13-15 ਸਾਲ

ਪਾਪਾ (ਪੁਸ਼ਪਿੰਦਰ): ਚੰਦਰ ਦਾ ਪਾਪਾ ਉਮਰ 45 ਸਾਲ

ਕਮਲਾ ਦਾਦੀ : ਚੰਦਰ ਦੀ ਦਾਦੀ ਉਮਰ 70 ਸਾਲ

ਜੇਮਜ਼ ਵਾਟ: ਯੂਰਪੀ ਆਵਾਜ ਵਾਲਾ ਬਦੇਸੀ ਬਜੁਰਗ

**<u>ਸੁਰੂਆਤੀ ਐਲਾਨ</u>**

(ਸਿਰਲੇਖ ਗੀਤ ਦੇ ਸੰਗੀਤ-ਟ੍ਰੈਕ ਸੁਣ ਰਿਹਾ ਹੈ )

**ਛੋਟਾ ਹੈ ਸੁੰਦਰ**

(ਸੰਗੀਤ...)

ਸ੍ਰੋਤਿਓ ! ਪਿਛਲੀ ਕੜੀ ਵਿੱਚ ਸੁਣੀ ਸੀ ਗਾਥਾ ਤੁਸੀਂ ! ਕਿਵੇਂ ਬਦਲ ਗਈ ਮਾਰੂਥਲ ਦੇ ਵਿੱਚ ? ਹਰੀ-ਭਰੀ ਲਹਿ-ਲਹਾਂਦੀ ਧਰਤੀ ਇਹ ! ਸੁਣਿਆ ਸੀ ਕਿੱਸਾ ਪਾਣੀ ਦੀ ਦੁਰ ਵਰਤੋਂ ਦਾ ! ਕੀਤਾ ਸੀ ਬਿਆਨ ਉਨ੍ਹਾਂ ਹਾਲਤਾਂ ਦਾ ! ਉਤਰ ਗਿਆ ਜਿਨ੍ਹਾਂ ਕਰਕੇ ਪਾਣੀ ਧਰਤੀ ਦੇ ਹੇਠਲਾ ਪਤਾਲ ਨੂੰ ! ਬਣ ਕਿਵੇਂ ਗਿਆ ਥਾਰ ਦਾ ਮਾਰੂਥਲ ? ਕਿੰਨਾ ਸੀ ਰੋਚਕ ਸੁਣਨਾ ? ਸਾਡੀਆਂ ਕੁਦਰਤੀ ਵਰਖਾ ਦੇ ਪਾਣੀ ਨੂੰ ਸਹੇਜਣ ਦੀਆਂ ਤਕਨੀਕਾਂ ਦੇ ਵਿਸਤਾਰ ਨੂੰ ! ਸੁਣਾਇਆ ਸੀ

ਬ੍ਰਿਤਾਂਤ ਕਿ ਕਿਵੇਂ ਮੈਸੋਪਟਾਮੀਆਂ ਯਾਣੀ ਇਰਾਕ ਵੀ ਬਦਲ ਗਿਆ ਮਾਰੂਥਲ ਦੇ ਵਿੱਚ ? ਕਿਵੇਂ ਟਿਗਰੀਜ਼ ਤੇ ਯੁਫਰੇਟਸ ਵਰਗੇ ਦਰਿਆ ਚੜ੍ਹ ਗਏ ਭੇਟ ਗਾਰ ਦੀ ? ਸਰ ਵਾਲਟਰ ਰੌਡਰਮਿਲਕ ਦੀ ਵੀ ਤਾਂ ਸੁਣਾਈ ਸੀ ਕਹਾਣੀ ! ਕਿਵੇਂ ਉਨ੍ਹਾਂ ਨੇ ਖੋਜੀ ਜੁਗਤ ? ਸਹੇਜਦੇ ਸਨ ਪਾਣੀ ਜਿਸ ਨਾਲ ਉਤਰੀ ਅਫਰੀਕਾ ਦੇ ਲੋਕ ! ਸਹਾਰਾ ਮਾਰੂਥਲ ਦੇ ਲਾਗੇ ! ਰੋਮ-ਕਾਲ ਜਾਂ ਪੂਰਵ ਰੋਮ ਕਾਲ ਦੌਰਾਨ ! ਦੱਸਿਆ ਸੀ ਤੁਹਾਨੂੰ ਇੱਕ ਕਿਤਾਬ ਬਾਬਤ ! ਤੀਲਾ ਕ੍ਰਾਂਤੀ ਨਾਮੀ ਕਿਤਾਬ ਬਾਬਤ! ਬੱਸ ਇਸੇਦਾ ਨਤੀਜਾ ਸਨ ਸੰਤੁਲਤ ਰਲਵੀਂ ਕੁਦਰਤੀ ਖੇਤੀ ! ਸੁਣੋਗੇ ਤੁਸੀਂ ਅੱਜ , ਇਸ ਕੜੀ ਵਿਚ ਕਹਾਣੀ ! ਟਿਕਾਊ ਵਿਕਾਸ ਅਤੇ ਉਦਯੋਗਿਕ ਕ੍ਰਾਂਤੀ ਦੀ! ਅਰੰਭ ਵਿੱਚ ਹੀ 18ਵੀਂ ਸਦੀ ਦੇ ਬੱਝ ਗਿਆ ਮੁੱਢ ! ਉਦਯੋਗਿਕ ਕ੍ਰਾਂਤੀ ਦਾ ! ਕਿੱਥੇ ਲਿਆ ਕੇ ਕਰ ਦਿੱਤਾ ਹੈ ਖੜ੍ਹਾ ਸਾਨੂੰ ? ਵਰਤਮਾਨ ਪ੍ਰਸਥਿਤੀਆਂ ਤੇ ਉਦਯੋਗਿਕ ਵਿਕਾਸ ਨੇ ! ਪਾਇਆ ਜਾਵੇਗਾ ਚਾਨਣਾ ਅੱਜ ! ਇਨ੍ਹਾਂ ਹੀ ਕੁਝ ਮੁੱਦਿਆਂ ‘ਤੇ । ਵਧਦੀ ਅਬਾਦੀ ਦਾ ਦਬਾਅ ! ਵਸਤਾਂ ਦੀ ਮੰਗ ਨੇ ਛੂਹ ਲਈਆਂ ਨਵੀਆਂ ਸਿਖਰਾਂ ! ਨਤੀਜਾ ? ਭੈੜਾ ਅਸਰ ਵਾਤਾਵਰਣ 'ਤੇ!

ਹਾਂ ਜੀ ! ਕਰਾਂਗੇ ਚਰਚਾ ਇਸ ਕੜੀ ਦੇ ਵਿਚ !

ਕਿਵੇਂ ਹੋਵੇ ਸੰਭਵ ? ਉਦਯੋਗੀਕਰਨ ਤੇ ਟਿਕਾਊ ਵਿਕਾਸ ਦਾ ਮਿਲ ਕੇ ਚੱਲਣਾ !

ਜ਼ਰੂਰਤ ਹੈ ਇਸ ਵਾਸਤੇ ! ਨਵੀਂ ਸੋਚ ਤੇ ਨਵੇਂ ਤਰੀਕਿਆਂ ਦੀ !

ਦਿੱਤੀ ਜਾਵੇਗੀ ਜਾਣਕਾਰੀ ਇਸ ਦੇ ਨਾਲ ਹੀ ! ਕੁਝ ਹੋਰ ਪਹਿਲੂਆਂ 'ਤੇ ਵੀ !

ਨਵੇਂ ਅਤੇ ਮਹੱਤਵਪੂਰਨ ਨੇ ਜਿਹੜੇ

(**ਸੰਗੀਤ**…)

**ਐਲਾਨ ਔਰਤ ਸੂਤਰਧਾਰ** : ਇਹ ਅਕਾਸ਼ਵਾਣੀ ਜਲੰਧਰ ਹੈ ਇਸ ਵਾਰ ਅਸੀਂ ਲੈਕੇ ਆਏ ਹਾਂ ਲੜੀਵਾਰ ਟਿਕਾਊ ਵਿਕਾਸ ਦੀ ਤੀਜੀ ਕੜੀ “ **ਛੋਟਾ ਹੈ ਸੁੰਦਰ**” ਸ੍ਰੋਤਿਓ ! ਵਿਗਿਆਨ ਦੇ ਇਸ ਨਵੀਂ ਕੜੀ ਦੀ ਪੇਸ਼ਕਾਰੀ ਅਸੀਂ ਕਰ ਰਹੇ ਹਾਂ ਵਿਗਿਆਨ-ਪ੍ਰਸਾਰ ਨਵੀਂ ਦਿੱਲੀ, ਦੇ ਸਹਿਯੋਗ ਦੇ ਨਾਲ। ਸੁਣੋ ਤੇ ਸਮਝੋ ਟਿਕਾਊ ਵਿਕਾਸ ਦੀ ਇਸ ਤੀਜੀ ਕੜੀ ਨੂੰ, “**ਛੋਟਾ ਹੈ ਸੁੰਦਰ**”

**ਸੰਗੀਤ**

**ਐਲਾਨ ਮਰਦ ਸੂਤਰਧਾਰ** : ਲਓ ਜੀ ! ਪੇਸ਼ ਹੈ , ਵਿਗਿਆਨ-ਪ੍ਰਸਾਰ ਨਵੀਂ ਦਿੱਲੀ, ਦੇ ਸਹਿਯੋਗ ਨਾਲ , ਆਕਾਸ਼ਵਾਣੀ ਜਲੰਧਰ (ਆਲ ਇੰਡੀਆ ਰੇਡਿਓ) ਵੱਲੋਂ ਵਿਗਿਆਨ ਲੜੀਵਾਰ “ਟਿਕਾਊ ਵਿਕਾਸ” ਦੀ ਤੀਜੀ ਕੜੀ।

**(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਚੱਲ ਰਿਹਾ ਹੈ)**

**ਔਰਤ ਸੂਤਰਧਾਰ:** ਜੀ ਆਇਆਂ ਨੂੰ ! ਸਾਡੇ ਸਾਰੇ ਸ੍ਰੋਤਿਆਂ ਦਾ ਅੱਜ ਦੀ ਇਸ ਕੜੀ ਵਿੱਚ ਸੁਆਗਤ ਤਹਿ ਦਿਲੋਂ ! ਲੜੀਵਾਰ “ਟਿਕਾਊ ਵਿਕਾਸ” ਦੀ ਤੀਜੀ ਕੜੀ “ **ਛੋਟਾ ਹੈ ਸੁੰਦਰ**”!

**ਮਰਦ ਸੂਤਰਧਾਰ:** ਮੇਰੇ ਵੱਲੋਂ ਵੀ ਸਾਰਿਆਂ ਨੂੰ ਸੱਤ ਸ੍ਰੀ ਅਕਾਲ, ਨਮਸ਼ਕਾਰ ! ਲਓ ਜੀ ਸੁਣੋ ਹੁਣ ਬਿਰਤੀਆਂ ਇਕਾਗਰ ਕਰਕੇ ਅੱਜ ਦਾ ਸਾਡਾ ਰੇਡੀਓ ਨਾਟਕ “**ਛੋਟਾ ਹੈ ਸੁੰਦਰ**” !

( ਕੜੀ ਦੀ ਸੁਰੂਆਤ ਹੁੰਦੀ ਹੈ ਕਾਰਖਾਨੇ ਦੇ ਬਾਹਰ ਅੰਦਲੋਨ ਤੋਂ । ਮਜਦੂਰ ਨਾਹਰੇ ਮਾਰ ਰਹੇ ਹਨ ਤੇ ਗੁੱਸੇ ਵਿੱਚ ਹਨ …… ਨਹੀਂ ਚਲੇਗੀ, ਨਹੀਂ ਚਲੇਗੀ – ਤਾਨਾਸ਼ਾਹੀ ਨਹੀਂ ਚਲੇਗੀ, ‘ ਸਾਡੀਆਂ ਮੰਗਾਂ ਪੂਰੀਆਂ ਕਰੋ’ …… ਮਜਦੂਰ ਯੂਨੀਅਨ ਜਿੰਦਾਬਾਦ …ਵਗੈਰਾ ਵਗੈਰਾ…… ਇਸ ਪਿਠ ਭੂਮੀ ਵਿੱਚ ਗੱਲਬਾਤ ਸੁਰੂ ਹੁੰਦੀ ਹੈ )

**ਕਮਲਾ ਦਾਦੀ :** (ਕਮਰੇ ਅੰਦਰੋਂ) ਬਾਹਰ ਕੀ ਹੋ ਰਿਹਾ ਹੈ ? ਸ਼ੋਰ ਕੌਨ ਮੱਚਾ ਰਿਹਾ ਹੈ ? ਚੰਦਰ…… ( ਚੰਦਰ ਨੂੰ ਅੰਦਰੋਂ ਬੁਲਾਉਦੀ ਹੈ )

**ਚੰਦਰ:** ਕੁੱਝ ਨਹੀਂ ਦਾਦੀ ਜੀ….. ਇਹ ਸ਼ੋਰ ਤਾਂ ਟੈਲੀਵੀਜ਼ਨ ਤੇ ਹੈ !

**ਕਮਲਾ ਦਾਦੀ :** ਓਹ ! ਮੈਂ ਤਾਂ ਸਮਝਿਆ…… ਮੈਂ ਤਾਂ ਡਰ ਹੀ ਗਈ ਸੀ !

**ਪਾਪਾ:** ਚੰਦਰ, ਅਵਾਜ ਘਟਾ ਦਿਓ… ਇਹ ਸ਼ੋਰ ਦਾਦੀ ਜੀ ਨੂੰ ਬੇਚੈਨ ਕਰ ਰਿਹਾ ਹੈ ।

**ਦ੍ਰਿਸ਼ ਬਦਲਾਅ**

(ਦੂਰੋਂ ਆ ਰਹੀਆਂ ਨੇ ਆਵਾਜਾਂ ਨਾਹਰਿਆਂ ਦੀਆਂ !)

**ਚੰਦਰ:** ਠੀਕ ਹੈ ਪਾਪਾ! (ਚੰਦਰ ਟੈਲੀਵੀਜ਼ਨ ਦੀ ਆਵਾਜ ਘਟਾ ਦਿੰਦਾ ਹੈ ਤੇ ਪਿਛੋਕੜ ਵਿੱਚ ਆਵਾਜ ਧੀਮੀ ਹੋ ਜਾਂਦੀ ਹੈ) …ਪਰ ਪਾਪਾ! ਇਹ ਹੈ ਕੀ ? ਇਹ ਭੀੜ ਐਨੀ ਹਿੰਸਕ ਕਿਉਂ ਹੋ ਗਈ ਹੈ ?

**ਪਾਪਾ:** ਬੇਟਾ ! ਇਸ ਨੂੰ ਕਹਿੰਦੇ ਨੇ ਹੜਤਾਲ!

**ਕਰਮਜੀਤ:** ਹਾਂ…… ਮੈਨੂੰ ਪਤਾ ਹੈ ! ਅੱਜ ਕੱਲ ਤਾਂ ਇਹ ਸ਼ਬਦ ਆਮ ਹੀ ਸੁਣਨ ‘ਚ ਆਉਂਦਾ ਹੈ !

**ਚੰਦਰ:** ਕਰਮਜੀਤ! ਤੂੰ ਐਵੇਂ ਟੰਗ ਨਾ ਅੜਾ !

**ਪਾਪਾ:** ਚੰਦਰ, ਇਸ ਤਰ੍ਹਾਂ ਖਰ੍ਹਵਾ ਨਾ ਬੋਲ ! ਤੇਰੀ ਛੋਟੀ ਭੈਣ ਹੈ ! ਤੈਨੂੰ ਇਸ ਨਾਲ ਐਦਾਂ ਨਹੀਂ ਬੋਲਣਾ ਚਾਹੀਦਾ !

**ਚੰਦਰ:** ਪਾਪਾ! ਗਲਤੀ ਹੋ ਗਈ , ਸਾਰੀ , ਪਰ ਇਹ ਲੋਕ ਹੜਤਾਲ ਕਰ ਕਿਉਂ ਰਹੇ ਨੇ ?

**ਕਰਮਜੀਤ:** ਹਾਂ! ਜਾਣਨਾ ਤਾਂ ਮੈਂ ਵੀ ਚਾਹੁੰਦੀ ਹਾਂ ਇਸ ਬਾਬਤ!

**ਪਾਪਾ:** ਠੀਕ ਹੈ ! ਲਓ ਸੁਣੋ ! ਹੜਤਾਲ ਦਾ ਭਾਵ ਹੈ ਕਿ ਇਹ ਮਜਦੂਰ ਅੱਜ ਕਾਰਖਾਨੇ ਵਿੱਚ ਕੰਮ ਨਹੀਂ ਕਰਨਗੇ !

**ਕਰਮਜੀਤ:** ਪਰ ਪਾਪਾ ! ਕੰਮ ਨਾ ਕਰਨ ਦਾ ਕਰਨ ਕੀ ਹੈ ?

**ਪਾਪਾ:** ਕਿਉਂਕਿ ਇਨ੍ਹਾਂ ਦੀਆਂ ਕੁੱਝ ਮੰਗਾਂ ਨੇ ! ਜਿੰਨਾ ਚਿਰ ਕਾਰਖਾਨੇ ਦਾ ਮਾਲਕ ਉਹ ਮੰਗਾਂ ਨਹੀਂ ਮੰਨ ਲੈਂਦਾ ਇਹ ਕੰਮ ਨਹੀਂ ਕਰਨਗੇ , ਹੜਤਾਲ ਤੇ ਰਹਿਣਗੇ !

**ਚੰਦਰ:** ਪਰ ਪਾਪਾ ! ਇਨ੍ਹਾਂ ਦੀਆਂ ਮੰਗਾਂ ਕੀ ਨੇ ?

**ਪਾਪਾ:** ਆਮ ਤੌਰ ਤੇ ਮਜਦੂਰਾਂ ਦੀ ਮੰਗ ਹੁੰਦੀ ਹੈ ਕਿ ਉਨ੍ਹਾਂ ਦੀ ਮਜਦੂਰੀ ਵਧਾਈ ਜਾਵੇ !

**ਕਰਮਜੀਤ:** ਤਾਂ ਇਸ ਵਿੱਚ ਕੀ ਗਲਤ ਐ ? ਕਾਰਖਾਨੇ ਦੇ ਮਾਲਕ ਨੂੰ ਇਨ੍ਹਾਂ ਦੀ ਮਜਦੂਰੀ ਵਧਾ ਦੇਣੀ ਚਾਹੀਦੀ ਐ !

**ਪਾਪਾ:** ਕਰਮਜੀਤ ! ਇਹ ਮਾਮਲਾ ਐਨਾ ਛੋਟਾ ਤੇ ਸਾਦਾ ਨਹੀਂ ! ਗੁੰਝਲਦਾਰ ਐ ! ਮਾਮਲਾ ਇਹ ਤੇ ਪੱਖ ਨੇ ਇਸਦੇ ਕਈ! …… ਆਰਥਿਕ , ਤੇ ਸਮਾਜਿਕ !

**ਚੰਦਰ:** ਪਾਪਾ! ਸਾਨੂੰ ਤਾਂ ਸਮਝ ਨਹੀਂ ਆ ਰਿਹਾ ! ਤੁਸੀਂ ਕੀ ਦੱਸ ਰਹੇ ਹੋ !

**ਕਰਮਜੀਤ:** ਹਾਂ ਪਾਪਾ ! ਵੀਰਾ ਠੀਕ ਕਹਿ ਰਿਹਾ ਹੈ ।

**ਪਾਪਾ:** ਠੀਕ! ਮੈਂ ਤੁਹਾਨੂੰ ਸਮਝਾਉਂਦਾ ਹਾਂ ਵਿਸਤਾਰ ਨਾਲ ! ਕੋਈ ਵਿਅਕਤੀ ਕੋਈ ਕਾਰਖਾਨਾ ਜਾ ਉਦਯੋਗ ਕਿਉਂ ਲਗਾਉਂਦਾ ਐ?

**ਚੰਦਰ:** ਵਪਾਰ ਕਰਨ ਦੇ ਲਈ !

**ਪਾਪਾ:** ਠੀਕ ! ਤੇ ਵਪਾਰ ਕੀਤਾ ਜਾਂਦਾ ਹੈ ਮੁਨਾਫਾ ਕਮਾਉਣ ਦੇ ਵਾਸਤੇ! ਠੀਕ ਹੈ ਨਾ !

**ਚੰਦਰ:** ਹਾਂ ਜੀ ਠੀਕ ਹੈ !

**ਪਾਪਾ:** ਇਸ ਲਈ ਕਾਰਖਾਨੇ ਦਾ ਮਾਲਕ ਉਤਪਾਦਨ ਕਰਕੇ ਵੱਧ ਤੋਂ ਵੱਧ ਮੁਨਾਫਾ ਕਮਾਉਣਾ ਚਾਹੁੰਦਾ ਹੈ ! ਮੁਨਾਫੇ ਵਾਸਤੇ ਉਹ ਉਤਪਾਦਨ ਵਧਾਉਣ ਦੀ ਕੋਸ਼ਿਸ਼ ਕਰਦਾ ਰਹਿੰਦਾ ਹੈ ! ਤੇ ਉਤਪਾਦਨ ਵਧਾਉਣ ਵਾਸਤੇ ਮਾਲਕ ਮਜਦੂਰਾਂ ਦਾ ਸੁਰੂ ਕਰ ਦਿੰਦਾ ਹੈ, ਸ਼ੋਸ਼ਣ ਕਈ ਵਾਰ ।

**ਚੰਦਰ:** ਸ਼ੋਸਣ......?

**ਪਾਪਾ:** ਹਾਂ ਸ਼ੋਸ਼ਣ ! ਘੱਟ ਮਜਦੂਰੀ ਦੇ ਕੇ ਮਜਦੂਰਾਂ ਨੂੰ ਵੱਧ ਕੰਮ ਕਰਨ ਵਾਸਤੇ ਕਰਦਾ ਹੈ ਮਜਬੂਰ ...... ਜਾਂ ਛੁੱਟੀਆਂ ਦਿੰਦਾ ਹੈ ਘਟਾ ਤੇ ਜਾ ਕੰਮ ਦੇ ਘੰਟੇ ਦਿੰਦਾ ਹੈ ਵਧਾ ! ..... ਹੋਰ ਵੀ ਕਈ ਹਥਕੰਡੇ ਵਰਤਦੇ ਨੇ ਮਾਲਕ ! ਕਈ ਵਾਰ ਤਾਂ ਮਾਲਕ ਮਜਦੂਰਾਂ ਨਾਲ ਬਹੁਤ ਹੀ ਜਿਆਦਾ ਬੇਇਨਸਾਫੀ ਕਰਦੇ ਨੇ !

**ਚੰਦਰ :** ਹੈਂ !

**ਪਾਪਾ:** ਹਾਂ ! ਇਸ ਕਰਕੇ ਮਜਦੂਰ ਸੁਰੂ ਕਰ ਦਿੰਦੇ ਨੇ ਵਿਰੋਧ , ਮਾਲਕਾਂ ਦੀਆਂ ਨੀਤੀਆਂ ਦਾ ਵਿਰੋਧ! ਬਣਾ ਲੈਂਦੇ ਨੇ ਆਪਣੀਆਂ ਯੂਨੀਅਨਾਂ ! ਆਖਰਕਾਰ ਇਹ ਮਜਦੂਰ ਵੀ ਤਾਂ ਇਨਸਾਨ ਹੀ ਨੇ ! ਇਨ੍ਹਾਂ ਨੇ ਵੀ ਤਾਂ ਆਪਣੇ ਘਰ ਚਲਾਉਣੇ ਨੇ ! ਪਰਿਵਾਰ ਪਾਲਣੇ ਨੇ!

**ਕਰਮਜੀਤ :** ਪਰ ਮਜਦੂਰਾਂ ਦੇ ਜਾਇਜ ਮਜਦੂਰੀ ਮੰਗਣ ਵਿੱਚ ਗਲਤ ਕੀ ਹੈ ? ਮੰਗ ਤਾਂ ਇਹ ਠੀਕ ਹੀ ਹੈ !

**ਪਾਪਾ:** ਹਾਂ ਕਰਮਜੀਤ ! ਪਰ ਕਈ ਵਾਰ ਮਜਦੂਰ ਵੀ ਵਾਧੂ ਮੰਗਾਂ ਰੱਖ ਦਿੰਦੇ ਨੇ ਜਿਹੜੀਆਂ ਹੁੰਦੀਆਂ ਨੇ ਉਲਟ ਕੁਦਰਤੀ ਨਿਆ ਦੇ ਅਸੂਲਾਂ ਦੇ ਵੀ !

**ਚੰਦਰ:** ਉਹ ਕਿਵੇਂ ?

**ਪਾਪਾ:** ਅਜਿਹੇ ਮਾਮਲੇ ਵੀ ਨੇ ਜਿੱਥੇ ਮਜਦੂਰਾਂ ਦੇ ਆਗੂਆਂ ਨੇ ਮਜਦੂਰਾਂ ਨੂੰ ਗੁੰਮਰਾਹ ਕਰਕੇ ਹੜਤਾਲਾਂ ਕਰਵਾਈਆਂ ਨੇ !

**ਚੰਦਰ:** ਅੱਛਾ ! ਇਹ ਮਾਮਲਾ ਤਾਂ ਜਟਿਲ ਹੁੰਦਾ ਜਾ ਰਿਹਾ ਹੈ !

**ਪਾਪਾ:** ਹਾਂ ਬੇਟਾ ! ਇਹ ਸਮਾਜਕ ਸਮੱਸਿਆ ਹੈ !

**ਚੰਦਰ:** ਪਰ ਪਾਪਾ ! ਇਹ ਝਗੜਾ ਤਾਂ ਕਦੀ ਮੁੱਕੇਗਾ ਹੀ ਨਹੀਂ ! ਹਰੇਕ ਦੂਜਿਆਂ ਨਾਲ ਝਗੜਦਾ ਰਹੇਗਾ ! ਇਸ ਤਰ੍ਹਾਂ ਤਾਂ ਆਖਰ ਨੂੰ ਪੈ ਜਾਵੇਗਾ ਭੋਗ ਉਦਯੋਗਾਂ ਦਾ ਹੀ!

**ਪਾਪਾ:** ਨਹੀਂ ਬੇਟਾ! ਅਜਿਹਾ ਵੀ ਨਹੀਂ! ਸਾਡੇ ਮੁਲਕ ਵਿੱਚ ਅਨੇਕਾਂ ਉਦਯੋਗ ਅਜਿਹੇ ਵੀ ਨੇ ਜਿਹੜੇ ਸਫਲਤਾ ਨਾਲ ਰਹੇ ਨੇ ਚੱਲ !

**ਕਰਮਜੀਤ :** ਅੱਛਾ ! ਸਫਲਤਾ ਨਾਲ ਚੱਲ ਰਹੇ ਨੇ !

**ਦ੍ਰਿਸ਼ ਬਦਲਾਅ**

**(ਨਾਹਰਿਆਂ ਦੀਆਂ ਆਵਾਜਾਂ ਦਾ ਸ਼ੋਰ ਘੱਟ ਗਿਆ )**

**ਚੰਦਰ:** ਅੱਛਾ ਪਾਪਾ ! ਇਹ ਤਾਂ ਦਸੋ ਕਿ ਦੁਨੀਆਂ ਵਿੱਚ ਉਦਯੋਗਾਂ ਦੀ ਸੁਰੂਆਤ ਕਦ ਹੋਈ ?

**ਕਰਮਜੀਤ :** ਹਾਂ ਪਾਪਾ ! ਸੁਣਾਓ ਖਾਂ ਜਰਾ ਕਹਾਣੀ, ਇਨ੍ਹਾਂ ਉਦਯੋਗਾਂ ਦੇ ਮੁੱਢ ਦੀ !

**ਪਾਪਾ:** ਲਓ ਸੁਣੋ ਫਿਰ ਜੇ ਸੁਣਨਾ ਹੀ ਚਾਹੁੰਦੇ ਹੋ !

**ਚੰਦਰ:** ਹਾਂ ! ਸੁਣਾਓ ਪਾਪਾ !

**ਪਾਪਾ:** ਇਸ ਲਈ ਤਾਂ ਸਾਨੂੰ ਜਾਣਾ ਪਵੇਗਾ 18ਵੀਂ ਸਦੀ ਵਿੱਚ ! …… 1763 ਦਾ ਸਾਲ ! ਸਕਾਟਲੈਂਡ ਦਾ ਇਕ ਮਿਸਤਰੀ ! ਨਾਮ ਉਸਦਾ ਜੇਮਜ਼ ਵਾਟ ! ਬੁਲਾਇਆ ਗਿਆ ਉਸਨੂੰ !

**ਕਰਮਜੀਤ:** ਜੇਮਜ ਵਾਟ ਨੂੰ ? ਕਿਸ ਕੰਮ ਲਈ ਪਾਪਾ ਬੁਲਾਇਆ ਗਿਆ ਜੇਮਜ ਵਾਟ ਨੂੰ ?

**ਪਾਪਾ:** ਨਿਊਕੋਮਨ ਨਾਮ ਦੇ ਭਾਫ ਦੇ ਇੰਜਣ ਦਾ ਸੀ ਇੱਕ ਮਾਡਲ ! ਪੈ ਗਿਆ ਉਸ ਵਿੱਚ ਕੋਈ ਨੁਕਸ ! ਬੁਲਾਇਆ ਗਿਆ ਜੇਮਜ ਵਾਟ ਨੂੰ ਇਸ ਦੀ ਮੁਰੰਮਤ ਦੇ ਵਾਸਤੇ !

**ਚੰਦਰ :** ਅੱਛਾ ! ਤਾਂ ਕਰ ਦਿੱਤੀ ਉਸਦੀ ਮੁਰੰਮਤ ਜੇਮਜ ਵਾਟ ਨੇ ?

**ਪਾਪਾ:** ਠੰਢ ਰੱਖ! ਕਹਾਣੀ ਸੁਣਨ ਦਾ ਜੇਰਾ ਵੀ ਰੱਖ! ਐਵੇਂ ਮਾਰੀ ਜਾਨੈ ਛੜੱਪੇ ! ਜਾਹ ਮੈਂ ਨਹੀਂ ਸੁਣਾਉਣੀ ਕਹਾਣੀ !

**ਕਰਮਜੀਤ:** ਚਲੋ ਪਾਪਾ ! ਹੁਣ ਸੁਣਾਂਗੇ ਧਿਆਨ ਤੇ ਧੀਰਜ ਨਾਲ ! ਸੁਣਾਓ ਕਹਾਣੀ ਅੱਗੇ-ਅੱਗੇ !

**ਪਾਪਾ:** ਆ ਗਿਆ ਇੰਜਣ ਜੇਮਜ ਵਾਟ ਦੇ ਕੋਲ ! ਵੇਖਿਆ ਬੜੀ ਗਹੁ ਨਾਲ ! ਜੇਮਜ ਵਾਟ ਨੇ ਉਸ ਬੜੇ ਹੀ ਕੱਚੇ ਜਿਹੇ ਮਾਡਲ ਨੂੰ ! ਕਰ ਦਿੱਤੇ ਕਈ ਬਦਲਾਅ ਉਸ ਮਾਡਲ ਵਿੱਚ ! ਬਣਾ ਦਿੱਤਾ ਉਸ ਨੂੰ ਮਸ਼ੀਨਰੀ ਚਲਾਉਣ ਵਾਲਾ ਇੱਕ ਵਧੀਆ ਇੰਜਣ !

( ਪਿਛੋਕੜ ਵਿੱਚ ਸੰਗੀਤ, ਸੰਗੀਤ ਦੇ ਪਿਛੋਕੜ ਵਿੱਚ, ਸੁਣਦੀ ਹੈ ਇੱਕ ਬਜੁਰਗ ਦੀ ਆਵਾਜ ਯੂਰਪੀ ਸੁਰ ਵਿੱਚ ! )

**ਜੇਮਜ ਵਾਟ :** ਅਜੇ ਵੀ ਮੈਨੂੰ ਉਹ ਦਿਨ ਯਾਦ ਨੇ ! ਅਠਾਰਵੀਂ ਸਦੀ ਦਾ ਅੱਧ ! ਮੈਂ ਸੀ 12 ਸਾਲ ਦਾ ! ਇੱਕ ਸਕੂਲੀ ਵਿਦਿਆਰਥੀ ! ਮੈਂ ਆਪਣੀ ਚਾਚੀ ਨਾਲ ਰਸੋਈ ਵਿੱਚ ਖੜ੍ਹਾ ਸੀ ! ਚਾਹ ਦੀ ਕੇਤਲੀ ਵਿੱਚ ਉੱਬਲ ਰਿਹਾ ਸੀ ਪਾਣੀ ! ਪਾਣੀ ਉਬਲ ਰਿਹਾ ਸੀ ਐਨੇ ਜੋਰ ਨਾਲ ! ਬੱਸ ਪੁੱਛੋ ਹੀ ਨਾ ਕੁੱਝ ! ਢੱਕਣ ਕੇਤਲੀ ਦਾ ਜਾ ਰਿਹਾ ਸੀ ਉਪਰ ਹੇਠਾਂ !

( ਪਿਛੋਕੜ ਵਿੱਚ ਢੁਕਵੀਂ ਧੁਨੀ ਦਾ ਪ੍ਰਭਾਵ ਪੈਦਾ ਕਰੋ )

ਵੇਖ ਰਿਹਾ ਸੀ ਮੈਂ, ਕੇਤਲੀ ਨੂੰ ਹੈਰਾਨੀ ਦੇ ਨਾਲ ! ਜਦ ਕੇਤਲੀ ਦਾ ਢੱਕਣ ਰੁਕਿਆ ਹੋਣੋਂ ਉਪਰ ਹੇਠਾਂ ਮੈਂ ਤਾਂ ਪੈ ਗਿਆ ਅਚਰਜ ਦੇ ਵਿੱਚ ! ਹੋ ਗਿਆ ਮੰਤਰ ਮੁਗਧ ! ਫਿਰ ਮੈਂ ਦੱਬ ਲਿਆ ਢੱਕਣ ਕੇਤਲੀ ਦਾ ਜੋਰ ਨਾਲ ! ਪਰ ਹੋਇਆ ਕੀ ? ਭਾਫ ਨਿਕਲਣ ਲਗੀ ਜੋਰ ਸ਼ੋਰ ਦੇ ਨਾਲ ! ਕੇਤਲੀ ਦੀ ਟੂਟੀ ਦੇ ਵਿੱਚੋਂ ਬਾਹਰ ! ਚੁੱਕ ਲਿਆ ਆਪਣਾ ਹੱਥ ਢੱਕਣ ‘ਤੋਂ ! ਬੱਸ ਫਿਰ ਕੀ ਸੀ ? ਉਛਲਣ ਲੱਗ ਗਿਆ ਢੱਕਣ ਇੱਕ ਵਾਰ ਫਿਰ ! ਜਾ ਡਿਗਿਆ ਜੋਰ ਨਾਲ ਖੜਾਕ ਕਰਕੇ

ਬਹੁਤ ਦੂਰ ! ਸਮਝ ਆ ਗਈ ਮੈਨੂੰ , ਇਸ ਨਿਆਣੀ ਉਮਰੇ ਤਾਕਤ ਭਾਫ ਦੀ ! ਬਾਅਦ ਵਿੱਚ ਵਰਤਿਆ ਮੈਂ ਇਸ ਅਨੁਭਵ ਨੂੰ ਇੰਜਣ ਦੇ ਲਈ !

**ਦ੍ਰਿਸ਼ ਬਦਲਾਅ**

**(ਬਜੁਰਗ ਦੀ ਯੂਰਪੀ ਸੁਰ ਦੀ ਆਵਾਜ ਮੱਧਮ ਪੈ ਕੇ ਖਤਮ ਹੋ ਜਾਂਦੀ ਹੈ!)**

**ਪਾਪਾ:** ਇਸ ਤਰ੍ਹਾਂ ਜੇਮਜ ਵਾਟ ਨੇ ਲੱਭ ਲਿਆ ਤਰੀਕਾ ! ਬਿਨਾ ਹੋਰ ਈਂਧਣ ਬਾਲੇ ਭਾਫ ਇੰਜਣ ਤੋਂ ਜਿਆਦਾ ਸ਼ਕਤੀ ਲੈਣ ਦਾ ! ਉਸਦੀਆਂ ਖੋਜਾਂ ਨੇ ਤੇ ਸੋਧਾਂ ਨੇ, ਬਣਾ ਦਿੱਤਾ ਭਾਫ ਇੰਜਣ ਨੂੰ ! ਇੱਕ ਵਧੀਆ ਹਥਿਆਰ !

**ਚੰਦਰ** : ਕਮਾਲ ਐ ਪਾਪਾ ! ਅਦੁਭੁਤ !

**ਪਾਪਾ:** ਭਾਫ ਇੰਜਣ ਦੀ ਕੁਸ਼ਲਤਾ ਵਿੱਚ ਵਾਧੇ ਨੇ ਤਾਂ ਯੁੱਗ ਹੀ ਪਲਟ ਦਿੱਤਾ , ਇੰਗਲੈਂਡ ਦੇ ਵਿੱਚ !

**ਕਰਮਜੀਤ:** ਪਾਪਾ ! ਇਸ ਨਾਲ ਤਾਂ ਹੋਰ ਵੀ ਨਵੀਂਆਂ ਤੋਂ ਨਵੀਂਆਂ ਮਸ਼ੀਨਾਂ ਬਣ ਗਈਆਂ ਹੋਣਗੀਆਂ !

**ਪਾਪਾ:** ਹਾਂ! 18ਵੀਂ ਸਦੀ ਦੇ ਦੂਜੇ ਅੱਧ ਦੀਆਂ ਇਨ੍ਹਾਂ ਖੋਜਾਂ ਨੇ ਹੀ, ਬੰਨ੍ਹਿਆ ਸੀ ਮੁੱਢ ਆਧੁਨਿਕ ਉਦਯੋਗਿਕ ਕ੍ਰਾਂਤੀ ਦਾ!

**ਕਰਮਜੀਤ:** ਉਦਯੋਗਿਕ ਕਰਾਂਤੀ !

**ਪਾਪਾ:** ਹਾਂ! ਉਦੋਂ ਇਹ ਕਰਾਂਤੀ ਸੀ ਅੱਜ ਦੀ ਸੂਚਨਾ ਤਕਨੋਲੋਜੀ ਦੇ ਖੇਤਰ ਦੀ ਕਰਾਂਤੀ ਵਰਗੀ ਹੀ!

**ਚੰਦਰ:** ਪਰ ਕੀ ਪਾਪਾ ! ਉਸਤੋਂ ਪਹਿਲਾਂ ਉਦਯੋਗ ਬਿਲਕੁਲ ਨਹੀਂ ਸਨ ?

**ਪਾਪਾ:** ਪਹਿਲਾਂ ਆਧੁਨਿਕ ਉਦਯੋਗ ਨਹੀਂ ਸਨ! ਹੁਣ ਤਾਂ ਰੌਬਟਾਂ ਨਾਲ ਹੋ ਰਿਹਾ ਐ ਉਤਪਾਦਨ ਬਹੁਤ ਹੀ ਤੇਜੀ ਨਾਲ !

**ਕਰਮਜੀਤ:** ਤਾਂ ਪਾਪਾ ਉਦੋਂ ਲੋਕ ਲੋੜੀਂਦੀਆਂ ਵਸਤਾਂ ਕਿਵੇਂ ਤਿਆਰ ਕਰਦੇ ਸਨ ?

**ਪਾਪਾ:** ਉਦੋਂ ਲੋਕ ਘਰਾਂ ਵਿੱਚ ਹੀ ਕਰਦੇ ਸਨ ਤਿਆਰ ਲੋੜੀਂਦੀਆਂ ਵਸਤਾਂ ! ਹੱਥ ਨਾਲ ਵਰਤੇ ਜਾਣ ਵਾਲੇ ਸੰਦਾਂ ਨਾਲ ਜਾ ਬਹੁਤ ਹੀ ਮੁਢਲੀਆਂ ਮਸ਼ੀਨਾਂ ਨਾਲ ! ਸਾਧਾਰਨ ਜਿਹੀਆਂ ਵਸਤਾਂ ‘ਤੇ ਵੀ ਬਹੁਤ ਜਿਆਦਾ ਮਿਹਨਤ ਤੇ ਵਕਤ ਲੱਗਦਾ ਸੀ । ਵਰਤਣ ਵਾਲੀ ਊਰਜਾ ਪੂਰੀ ਦੀ ਪੂਰੀ ਮਿਲਦੀ ਸੀ ਉਨ੍ਹਾਂ ਦੇ ਆਪਣੇ ਡੌਲਿਆਂ ਤੋਂ ਜਾ ਪਸ਼ੂਆਂ ਤੋਂ !

**ਚੰਦਰ** : ਅੱਛਾ ! ਜਦ ਮਸ਼ੀਨਾਂ ਰਾਹੀਂ ਤੇਜੀ ਨਾਲ ਵਸਤਾਂ ਬਣਨ ਲੱਗੀਆਂ , ਉਹ ਕਹਾਈ ਉਦਯੋਗਿਕ ਕਰਾਂਤੀ !

**ਪਾਪਾ** : ਬਿਲਕੁਲ ਠੀਕ! ਮਸ਼ੀਨਾਂ ਨੇ ਵਸਤੂਆਂ ਦੀ ਨਿਰਮਾਣ ਕਲਾ ਤੇ ਇਨਸਾਨ ਦੀ ਤਰਜੇ ਜਿੰਦਗੀ ਹੀ ਬਦਲ ਦਿੱਤੀ !

**ਦ੍ਰਿਸ਼ ਬਦਲਾਅ:**

( ਕਮਰੇ ਵਿਚ ਬਿਰਧ ਵਿਅਕਤੀ ਦੀ ਹਲ-ਚਲ)

#ਸੰਗੀਤ ਧੁਨੀ#

**ਦਾਦੀ:** ਹਾਂ ! ਮੈਂ ਤੁਹਾਡੀਆਂ ਸਾਰੀਆਂ ਗੱਲਾਂ ਸੁਣ ਰਹੀ ਸੀ। ਤੁਸੀਂ ਤਾਂ ਬਹੁਤ ਪਹਿਲਾਂ ਦੀਆਂ ਗੱਲਾਂ ਕਰ ਰਹੇ ਸੀ।

**ਚੰਦਰ:** ਹੁਣ ਆਏਗਾ ਮਜ਼ਾ, ਦਾਦੀ ਜੀ ਆ ਗਏ।

**ਕਰਮਜੀਤ:** ਦਾਦੀ ਜੀ, ਇਧਰ ਬੈਠੋ। ਇਸ ਆਰਾਮ ਕੁਰਸੀ 'ਤੇ।

**ਦਾਦੀ:** (ਬੈਠਦੇ ਹੋਏ) ....ਹਾਂ...ਤਾਂ ਮੈਂ ਆਖ ਰਹੀ ਸੀ।

**ਚੰਦਰ:** (ਹੱਸਦੇ ਹੋਏ) ਦਾਦੀ ਭੁੱਲ ਗਈ।

**ਪਾਪਾ:** ਹਾਂ ਮਾਂ....ਤੁਸੀਂ ਸੂਤ ਕੱਤਣ ਦੀਆਂ ਗੱਲਾਂ ਦੱਸ ਰਹੇ ਸੀ।

**ਕਮਲਾ ਦਾਦੀ :** ਬਈ ਸਾਡੇ ਜ਼ਮਾਨੇ ਵਿੱਚ ਤਾਂ ਅਸੀਂ ਕਪੜਾ ਬੁਣਦੇ ਸੀ ਆਪਣੇ ਹੱਥੀਂ ਖੱਡੀਆਂ 'ਤੇ ! ਪਰ ਜਦ ਮਸ਼ੀਨਾਂ ਆ ਗਈਆਂ ਤਾਂ ਬਦਲ ਹੀ ਗਿਆ ਸੱਭ ਕੁੱਝ !

**ਪਾਪਾ:** ਹਾਂ ਬਦਲ ਗਏ ਜੀਵਣ ਦੇ ਰੰਗ ਢੰਗ ਤੇ ਤੌਰ ਤਰੀਕੇ !

**ਚੰਦਰ :** ਪਰ ਪਾਪਾ ! ਕੀ ਲੋਕਾਂ ਨੇ ਉਸ ਵਕਤ ਇਨ੍ਹਾਂ ਤਬਦੀਲੀਆਂ ਦਾ ਵਿਰੋਧ ਨਹੀਂ ਕੀਤਾ ?

**ਪਾਪਾ:** ਕਿਉਂ ਨਹੀਂ ? ਸਾਰੇ ਲੁਡੀਂਆਂ ਨੇ ਕੀਤਾ ਇਸਦਾ ਵਿਰੋਧ !

**ਕਰਮਜੀਤ:** ਲੁੱਡੀ ! ਕੌਣ ਸਨ ਇਹ ਲੁੱਡੀ ?

**ਪਾਪਾ:** ਉਦਯੋਗਿਕ ਕ੍ਰਾਂਤੀ ਤੇ ਤਕਨੀਕੀ ਵਿਕਾਸ ਦੇ ਵਿਰੋਧੀ ! ਸ਼ਬਦ ਨਿੱਕਲਿਆ ਹੈ ਇਹ ਉਨੀਂਵੀਂ ਸਦੀ ਦੀ ਸੁਰੂਆਤ ਦੀਆਂ ਅੰਗਰੇਜ ਮਜਦੂਰਾਂ ਦੀਆਂ ਟੋਲੀਆਂ 'ਚੋਂ ! ਉਨ੍ਹਾਂ ਨੇ ਰੋਸ ਵਜੋਂ ਕਾਰਖਾਨਿਆਂ ਤੇ ਹਮਲੇ ਕੀਤੇ, ਮਸ਼ੀਨਾਂ ਭੰਨ ਦਿੱਤੀਆਂ ! ਉਨ੍ਹਾਂ ਦੀ ਅਗਵਾਈ ਕਰਦਾ ਸੀ ਨਟ ਲੁੱਡ ਨਾਮੀ ਇੱਕ ਵਿਅਕਤੀ !

**ਕਰਮਜੀਤ:** (ਹਸਦੇ ਹੋਏ ) ਅੱਛਾ, ਸਮਝ ਆ ਗਿਆ ! ਨਟ ਲੁੱਡ ਦੇ ਪੈਰੋਕਾਰ ਬਣ ਗਏ ਲੁੱਡੀ ! ਹੈ ਨਾ ਦਿਲਚਸ਼ਪ !

**ਪਾਪਾ:** ਜਿਵੇਂ ਤੁਹਾਡੇ ਦਾਦੀ ਜੀ ਦੱਸ ਰਹੇ ਸਨ, ਉਦਯੋਗਿਕ ਵਿਕਾਸ ਨੇ ਕਪੜਾ ਉਦਯੋਗ ਵਿੱਚ ਤਾਂ ਵਿਸ਼ੇਸ਼ ਤੌਰ ਤੇ ਲਿਆ ਦਿੱਤੇ ਬਹੁਤ ਵੱਡੇ ਬਦਲਾਅ ਤੇ ਕਰ ਦਿੱਤਾ ਕਾਇਆ ਕਲਪ ਹੀ !

**ਚੰਦਰ:** ਹਾਂ ਕਹਿੰਦੇ ਨੇ ਕਿ ਇੰਗਲੈਂਡ ਵਿੱਚ ਸਰ ਰਿਚਰਡ ਆਰਕਰਾਈਟ ਦੀਆਂ ਕੱਤਣੀਆਂ ਮਸ਼ੀਨਾਂ ਦੇ ਬਣਨ ਨਾਲ ਹੀ ਤਾਂ ਆਗਾਜ਼ ਹੋਇਆ ਉਦਯੋਗਿਕ ਵਿਕਾਸ ਦਾ !

**ਕਰਮਜੀਤ:** ਤੇ ਬੱਝ ਗਿਆ ਮੁੱਢ ਉਦਯੋਗਾਂ ਦਾ 'ਤੇ ਉਨ੍ਹਾਂ ਦੁਆਰਾ ਬਣੀਆਂ ਵਸਤਾਂ ਦਾ !

**ਪਾਪਾ:** ਹਾਂ ! ਉਦਯੋਗਿਕ ਵਿਕਾਸ ਨਾਲ ਆ ਗਈਆਂ ਊਰਜਾ ਨਾਲ ਚੱਲਣ ਵਾਲੀਆਂ ਮਸ਼ੀਨਾਂ ਬਣੀਆਂ ਸਨ ਜੋ ਵਿਸ਼ੇਸ਼ ਕਾਰਜਾਂ ਦੇ ਲਈ! ਲੱਗ ਗਏ ਕਾਰਖਾਨੇ ਤੇ ਸੁਰੂ ਹੋ ਗਿਆ ਉਤਪਾਦਨ ਵੱਡੇ ਪੈਮਾਨੇ 'ਤੇ!

............**ਦ੍ਰਿਸ਼ ਬਦਲਾਅ ਸੰਗੀਤ**.........

**( ਕਾਰਖਾਨੇ ਦੀ ਮਸ਼ੀਨਰੀ ਦੀ ਆਵਾਜ ਦਾ ਪ੍ਰਭਾਵ )**

**ਚੰਦਰ:** ਪਾਪਾ ! ਉਦਯੋਗੀਕਰਨ ਨੇ ਤਾਂ ਬਦਲ ਕੇ ਹੀ ਰੱਖ ਦਿੱਤਾ ਇਸ ਸੰਸਾਰ ਨੂੰ ! ਕੀ ਇਹ ਸਹੀ ਹੈ?

**ਪਾਪਾ:** ਹਾਂ ਚੰਦਰ। ਉਦਯੋਗਿਕ ਕ੍ਰਾਂਤੀ ਨੇ ਇਤਿਹਾਸ ਅਤੇ ਮਨੁੱਖੀ ਸੱਭਿਅਤਾ ਦੇ ਸਰੂਪ ਨੂੰ ਹੀ ਬਦਲ ਦਿੱਤਾ ਹੈ। ਜੀਵਨ ਦਾ ਹਰ ਪਹਿਲੂ ਕਿਸੇ ਨਾ ਕਿਸੇ ਰੂਪ ਵਿਚ ਇਸ ਤੋਂ ਪ੍ਰਭਾਵਿਤ ਹੋਇਆ ਹੈ। ਉਦਯੋਗਿਕ ਇਕਾਈਆਂ ਨਾਲ ਉਤਪਾਦਨ ਵਧਿਆ ਹੈ ਅਤੇ ਸਾਡੇ ਜੀਵਨ ਪੱਧਰ ਵਿਚ ਸੁਧਾਰ ਹੋਇਆ ਹੈ ਵਿਸ਼ੇਸ਼ਕਰ ਮੱਧ ਵਰਗ ਅਤੇ ਨਿਮਨ ਵਰਗ ਦੇ ਲੋਕਾਂ 'ਚ।

**ਚੰਦਰ:** ਕੀ ਗੱਲ ਹੈ? ਪਾਪਾ ਅਸੀਂ ਵੀ ਤਾਂ ਇਨ੍ਹਾਂ ਵਰਗਾਂ ਵਿਚ ਹੀ ਆਉਂਦੇ ਹਾਂ।

**ਪਾਪਾ:** ਪਰੰਤੂ ਇਸਦਾ ਦੂਸਰਾ ਪਹਿਲੂ ਵੀ ਹੈ।

**ਚੰਦਰ:** ਕੀ ਮਤਲਬ ਹੈ ਤੁਹਾਡਾ ਪਾਪਾ ?

**ਪਾਪਾ:** ਗ਼ਰੀਬ ਅਤੇ ਮੱਧ ਵਰਗ ਵਾਲੇ ਲੋਕਾਂ ਦਾ ਜੀਵਨ ਸਦਾ ਹੀ ਚੁਣੌਤੀਆਂ ਭਰਿਆ ਹੁੰਦਾ ਹੈ। ਫੈਕਟਰੀਆਂ ਵਿਚ ਕੰਮ ਕਰਨ ਵਾਲੇ ਕਾਰੀਗਰਾਂ ਦੀ ਤਨਖਾਹ ਇਕ ਤਾਂ ਘੱਟ ਹੁੰਦੀ ਹੈ, ਦੂਸਰਾ ਉਨ੍ਹਾਂ ਦਾ ਕੰਮ ਨੀਰਸ ਹੁੰਦਾ ਹੈ। ਅਕੁਸ਼ਲ ਅਤੇ ਅਨਪੜ੍ਹ ਲੋਕਾਂ ਦੀ ਨੌਕਰੀ ਅਸਥਾਈ ਹੁੰਦੀ ਹੈ ਅਤੇ ਕਦੇ ਵੀ ਕੱਢੇ ਜਾਣ ਦਾ ਡਰ ਸਤਾਉਂਦਾ ਰਹਿੰਦਾ ਹੈ। ਕੁਸ਼ਲ ਕਾਰੀਗਰਾਂ ਦੀ ਮੰਗ, ਮਸ਼ੀਨੀਕਰਨ ਦੇ ਕਾਰਨ ਘਟ ਜਾਂਦੀ ਹੈ।

**ਦਾਦੀ:**ਹਾਂ, ਮੈਂ ਕਈ ਕੁਸ਼ਲ ਕਾਰੀਗਰਾਂ ਅਤੇ ਬੁਣਕਰਾਂ ਨੂੰ ਜਾਣਦੀ ਹਾਂ, ਜਿਨ੍ਹਾਂ ਦਾ ਰੋਜ਼ਗਾਰ ਗਿਆ ਸੀ ਖੋਹਿਆ ਗਿਆ! ਇਸ ਕ੍ਰਾਂਤੀ ਦੀ ਬਦੌਲਤ ! ਦੂਸਰੇ ਛੋਟੇ-ਮੋਟੇ ਧੰਦੇ ਪੈ ਰਹੇ ਹਨ ਕਰਨੇ ਉਨ੍ਹਾਂ ਨੂੰ , ਕਰਨ ਦੇ ਲਈ ਗੁਜ਼ਾਰਾ !

**ਪਾਪਾ:** ਅਬਾਦੀ ਦੇ ਵਧਦੇ ਦਬਾਅ ਨਾਲ ਵੀ ਤਾਂ ਉਦਯੋਗਿਕ ਖੇਤਰਾਂ ਵਿਚ ਮੁਢਲੀਆਂ ਜ਼ਰੂਰਤਾਂ ਦੀ ਕਮੀ ਹੁੰਦੀ ਜਾ ਰਹੀ ਹੈ।ਭੀੜ-ਭੜੱਕਾ, ਰਹਿਣ ਲਈ ਮਕਾਨਾਂ ਦੀ ਘਾਟ, ਸਫ਼ਾਈ ਦੀ ਘਾਟ ਅਤੇ ਵਧਦਾ ਪ੍ਰਦੂਸ਼ਣ ਆਮ ਸਮੱਸਿਆਵਾਂ ਹਨ।

**ਕਰਮਜੀਤ:**ਹਾਏ! ਐਨੀਆਂ ਸਾਰੀਆਂ ਸਮੱਸਿਆਵਾਂ! ਜੇਮਸ ਵਾਟ ਤੇ ਉਨ੍ਹਾਂ ਦੇ ਸਾਥੀਆਂ ਨੂੰ ਆਪਣੀ ਖੋਜ ਕਰਨ ਤੋਂ ਪਹਿਲਾਂ ਦਸ ਵਾਰ ਸੋਚਣਾ ਚਾਹੀਦਾ ਸੀ। (ਹੱਸਦੇ ਹੋਏ)

**ਪਾਪਾ:** (ਹੱਸਦੇ ਹੋਏ) ਇਸ ਵਿਚ ਜੇਮਸ ਵਾਟ ਦੀ ਕੋਈ ਗ਼ਲਤੀ ਨਹੀਂ ਹੈ। ਉਦਯੋਗਿਕ ਕ੍ਰਾਂਤੀ ਅਤੇ ਉਦਯੋਗਿਕ ਇਕਾਈਆਂ ਦੋਵੇਂ ਹੀ ਜ਼ਰੂਰੀ ਸਨ।

**ਕਰਮਜੀਤ:** ਪਰੰਤੂ ਕਿਉਂ?

**ਪਾਪਾ:** ਵਸਤਾਂ ਦੇ ਉਤਪਾਦਨ ਵਿੱਚ ਆਉਂਦੇ ਜਾਂਦੇ ਨੇ ਬਦਲਾਅ ਲਗਾਤਾਰ ! ਇਨ੍ਹਾਂ ਦੀ ਗੁਣਵਤਾ ਤੇ ਮਾਤਰਾ ਵਿੱਚ ਹੁੰਦਾ ਜਾਂਦਾ ਹੈ ਵਾਧਾ ਬੇ ਰੋਕ ! ਬੱਸ ! ਇਹੀ ਹੈ ਧੁਰਾ ਮਨੁੱਖੀ ਸੋਚ ਦੇ ਵਿਕਾਸ ਦਾ ਤੇ ਨਵੀਂਆਂ ਨਵੀਆਂ ਖੋਜਾਂ ਤੇ ਕਾਢਾਂ ਦਾ ! ਇਸੇ ਕਾਰਨ ਬਣੀ ਜਰੂਰਤ ਉਦਯੋਗਿਕ ਕਰਾਂਤੀ ਦੀ ।

**ਚੰਦਰ:** ਵਧਦੀ ਅਬਾਦੀ ਦੇ ਦਬਾਅ ਕਾਰਨ ਮੰਗ ਵੀ ਤਾਂ ਵਧ ਗਈ ਸੀ ਵਸਤੂਆਂ ਦੀ ?

**ਪਾਪਾ:** ਹਾਂ।ਵਧਦੀ ਆਬਾਦੀ ਦੇ ਕਾਰਨ ਵਸਤੂਆਂ ਦੀ ਮੰਗ ਵੀ ਵਧ ਰਹੀ ਹੈ।

**ਕਰਮਜੀਤ:**ਹੁਣ ਸਮਝ ਆਈ ! ਇਹ ਵਧਦੀ ਮੰਗ ਪੂਰੀ ਕੀਤੀ ਜਾ ਸਕਦੀ ਹੈ, ਜ਼ਿਆਦਾ ਉਤਪਾਦਨ ਕਰਕੇ।

**ਪਾਪਾ:** ਠੀਕ ਸਮਝਿਆ ! ਹੱਥੀਂ ਬਣੀਆਂ ਵਸਤੂਆਂ ਨਾਲ ਇਸ ਮੰਗ ਨੂੰ ਪੂਰਾ ਕਰਨਾ ਅਸੰਭਵ ਹੈ। ਇਸ ਲਈ ਮਸ਼ੀਨੀਕਰਨ ਅਤੇ ਆਟੋਮੇਸ਼ਨ ( ਸਵੈ -ਚਾਲਣ ) ਜ਼ਰੂਰੀ ਸੀ।

**ਦਾਦੀ:** ਇਹ ਤਾਂ ਠੀਕ ਹੈ ਪਰ ਕੁਸ਼ਲ ਕਾਰੀਗਰਾਂ ਦੁਆਰਾ ਹੱਥੀਂ ਤਿਆਰ ਵਸਤਾਂ ਦਾ ਮੁਕਾਬਲਾ, ਮਸ਼ੀਨੀ ਵਸਤਾਂਕਦੇ ਨਹੀਂ ਕਰ ਸਕਦੀਆਂ।

**ਪਾਪਾ:** (ਹੱਸਦੇ ਹੋਏ) ਬਿਲਕੁਲ ਠੀਕ ਕਿਹਾ ਮਾਂ।

**ਕਰਮਜੀਤ:** ਪਾਪਾ ਇਹ ਕੀ?

**ਪਾਪਾ:** ਬੇਟੀ ਕੀ ਮਤਲਬ ਹੈ ਤੇਰਾ?

**ਕਰਮਜੀਤ:** ਤੁਸੀਂ ਦੋਹਾਂ ਤਰ੍ਹਾਂ ਦੀਆਂ ਗੱਲਾਂ ਕਰ ਰਹੇ ਹੋ। ਪਹਿਲਾਂ ਤੁਸੀਂ ਕਿਹਾ ਸੀ ਉਦਯੋਗ ਜ਼ਰੂਰੀ ਹੈ ਅਤੇ ਹੁਣ ਦਾਦੀ ਦੀ ਹਾਂ ਵਿਚ ਹਾਂ।

**ਪਾਪਾ:** ਬੇਟਾ, ਇਹੀ ਤਾਂ ਸਮਝਣ ਦੀ ਗੱਲ ਹੈ। ਸੰਤੁਲਨ ਹੋਣਾ ਜ਼ਰੂਰੀ ਹੈ। ਵਧਦੀ ਆਬਾਦੀ ਕਾਰਨ, ਮੰਗ ਵਧੀ ਹੈ। ਅੱਜ ਅਸੀਂ ਸੰਸਾਧਨਾਂ ਦੇ ਭੋਗੀ ਅਤੇ ਉਨ੍ਹਾਂ ਉੱਤੇ ਨਿਰਭਰ ਹੁੰਦੇ ਜਾ ਰਹੇ ਹਾਂ। ਹਰ ਵਾਰੀ ਸਾਨੂੰ ਕੁਝ ਨਵਾਂ ਚਾਹੀਦਾ ਹੈ। ਨਤੀਜਾ - ਅਸੀਮਿਤ ਉਦਯੋਗਿਕ ਉਤਪਾਦਾਨ, ਆ ਰਹੀਆਂ ਨੇ ਨਵੀਆਂ ਤੇ ਗੰਭੀਰ ਸਮੱਸਿਆਵਾਂ ਸਾਡੇ ਸਾਹਮਣੇ।

**ਕਰਮਜੀਤ:** ਕਿਹੜੀਆਂ ਗੰਭੀਰ ਸਮੱਸਿਆਵਾਂ, ਪਾਪਾ?

**ਪਾਪਾ:** ਵਧਦੇ ਉਦਯੋਗੀਕਰਨ ਦੀ ਬਦੌਲਤ, ਆਈਆਂ ਨੇ ਦੋ ਮੁੱਖ ਸਮੱਸਿਆਵਾਂ ਸਾਡੇ ਸਾਹਮਣੇ ! ਇਕ ਹੈ ਵਾਤਾਵਰਨੀ ਪ੍ਰਦੂਸ਼ਣ ਅਤੇ ਦੂਸਰੀ ਹੈ ਕੁਦਰਤੀ ਸੰਸਾਧਨਾਂ ਦੀ ਹੱਦੋਂ ਵੱਧ ਵਰਤੋਂ।

**ਦਾਦੀ:** ਠੀਕ ਕਿਹਾ। ਅਧੁਨਿਕ ਵਿਕਾਸ ਨੇ ਸਾਨੂੰ ਲੱਕੜੀ ਦੇ ਚੁੱਲ੍ਹੇ ਤੋਂ ਗੈਸ ਸਿਲੰਡਰ ਦੇ ਦਿੱਤਾ। ਇਸ ਨਾਲ ਘਰਾਂ ਵਿਚ ਪ੍ਰਦੂਸ਼ਣ ਤਾਂ ਜਰੂਰ ਘਟਿਅਆ ! ਪਰ ਦੇਖੋ, ਘਰਾਂ ਦੇ ਬਾਹਰ ਜਦੋਂ ਅਸੀਂ ਜਾਂਦੇ ਹਾਂ ਤਾਂ ਚਾਰੇ ਪਾਸੇ ਫੈਕਟਰੀਆਂ ਤੋਂ ਹੋਣ ਵਾਲਾ ਪ੍ਰਦੂਸ਼ਣ ਕਿੰਨਾ ਵੱਧ ਗਿਆ ?

**ਪਾਪਾ:** ਹਾਂ, ਮਾਂ, ਇਹ ਤਾਂ ਹੋਰ ਵੀ ਜ਼ਿਆਦਾ ਹਾਨੀਕਾਰਕ ਹੈ। ਪਥਰਾਹਟੀ ਬਾਲਣ ਨੇ ਸ਼ਹਿਰਾਂ ਵਿਚ ਪ੍ਰਦੂਸ਼ਣ ਬੇਹੱਦ ਵਧਾ ਦਿੱਤਾ ਹੈ।

**ਦਾਦੀ:** ਇਹ ਤਾਂ ਠੀਕ ਹੈ। ਪਰੰਤੂ ਅੱਜ ਦੀ ਨਵੀਂ ਪੀੜ੍ਹੀ ਤਾਂ ਇਸ ਨੂੰ ਦੂਸਰੇ ਰੂਪ ਵਿਚ ਦੇਖਦੀ ਹੈ। ਉਨ੍ਹਾਂ ਨੂੰ ਤਾਂ ਨਵੀਆਂ ਸੁੱਖ-ਸੁਵਿਧਾਵਾਂ ਹੀ ਵਧੇਰੇ ਜ਼ਰੂਰੀ ਲੱਗਦੀਆਂ ਹਨ। ਖ਼ੈਰ, ਵੇਖਦੇ ਹਾਂ ਕਿ ਹੁੰਦਾ ਹੈ ਕੀ ?

**ਪਾਪਾ:** (ਹੱਸਦੇ ਹੋਏ) ਮਾਂ, ਹੁਣ ਤਾਂ ਸਾਨੂੰ ਕੋਈ ਨਾ ਕੋਈ ਯਤਨ ਕਰਨੇ ਹੀ ਪੈਣਗੇ ਬਚਾ ਦੇ ਲਈ , ਚਾਰੇ ਪਾਸੇ ਪ੍ਰਦੂਸ਼ਣ ਹੀ ਪ੍ਰਦੂਸ਼ਣ ! ਐਨਾ ਪ੍ਰਦੂਸ਼ਣ ? ਬੱਸ ਪੁੱਛੋ ਹੀ ਨਾ !

**ਚੰਦਰ:** ਪਾਪਾ, ਹਵਾ ਪ੍ਰਦੂਸ਼ਣ, ਜਲ ਪ੍ਰਦੂਸ਼ਣ ਅਤੇ ਮਿੱਟੀ ਪ੍ਰਦੂਸ਼ਣ ਇਹ ਤਾਂ ਸਾਰਾ ਮੈਂ ਪੜ੍ਹਿਆ ਹੈ। ਪਰ ਢਿੱਡ ਦੇ ਪ੍ਰਦੂਸ਼ਣ ਦਾ ਵੀ ਹੈ ਕੋਈ ਇਲਾਜ । ਮੈਨੂੰ ਤਾਂ ਜ਼ੋਰ ਦੀ ਭੁੱਖ ਲੱਗੀ ਹੈ।

#ਸਾਰੇ ਹੱਸਦੇ ਹਨ#

**ਕਰਮਜੀਤ:** ਪਹਿਲੀ ਵਾਰ ਤੂੰ ਕੋਈ ਚੰਗੀ ਗੱਲ ਕੀਤੀ ਹੈ (ਹੱਸਦੀ ਹੈ)

**ਚੰਦਰ:** ਦੀਦੀ ਮੈਂ ਤਾਂ ਹਮੇਸ਼ਾ ਚੰਗੀ ਗੱਲ ਹੀ ਕਰਦਾ ਹਾਂ। ਪਰ ਮੇਰੀ ਸੁਣਦਾ ਕੌਣ ਹੈ?

**ਕਰਮਜੀਤ:** ਆਰਡਰ! ਆਰਡਰ! ਨਾਸ਼ਤੇ ਲਈ ਤਿਆਰੀ ਸ਼ੁਰੂ ਕੀਤੀ ਜਾਵੇ। ਇਹ ਮੇਰੀ ਦਾਦੀ ਦਾ ਹੁਕਮ ਹੈ। ਅਤੇ ਹਾਂ, ਧਿਆਨ ਰਹੇ ਅੱਗੇ ਦੀ ਕਾਰਵਾਈ ਬਾਹਰ ਗਾਰਡਨ ਵਿਚ ਸ਼ੁਰੂ ਹੋਵੇਗੀ।

…………**ਦ੍ਰਿਸ਼ ਪਰਿਵਰਤਨ ਸੰਗੀਤ**………

(ਰਸੋਈ ਘਰ ਦਾ ਧੁਨੀ ਪ੍ਰਭਾਵ/ਕੁਰਸੀ-ਟੇਬਲ ਦੀ ਆਵਾਜ਼-ਦਰਵਾਜ਼ਾ ਖੋਲਣ ਦੀ ਧੁਨੀ/ਚਿੜੀਆਂ ਤੇ ਪੰਛੀਆਂ ਦਾ ਸ਼ੋਰ।)

**ਚੰਦਰ:** ਦੇਖੋ। ਉਥੇ ਅੰਦਰ ਅਸੀਂ ਸ਼ੋਰ ਪ੍ਰਦੂਸ਼ਣ ਦੀ ਗੱਲ ਕਰ ਰਹੇ ਸੀ ਅਤੇ ਇੱਥੇ ਗਾਰਡਨ ਵਿਚ ਤਾਂ ਇਹਨਾਂ ਨੇ ਸਾਰੇ ਰਿਕਾਰਡ ਤੋੜ ਦਿੱਤੇ।

**ਦਾਦੀ:** ਚੰਦਰ, ਇਹ ਕੋਈ ਸ਼ੋਰ ਪ੍ਰਦੂਸ਼ਣ ਥੋੜ੍ਹਾ ਹੈ। ਜ਼ਰਾ ਧਿਆਨ ਨਾਲ ਸੁਣੋ, ਕਿੰਨਾ ਮਿੱਠਾ ਹੈ ਸੰਗੀਤ; ਪੰਛੀਆਂ ਦਾ ਲੈਅ-ਬੱਧ ਸੰਗੀਤ !

**ਪਾਪਾ:** (ਹੱਸਦੇ ਹੋਏ) ਭਾਗਾਂ ਵਾਲਿਆਂ ਨੂੰ ਮਿਲਦਾ ਹੈ - ਇਹ ਸੰਗੀਤ ਤਾਂ ਸੁਣਨ ਨੂੰ।

**ਕਰਮਜੀਤ:** (ਹੱਸਦੇ ਹੋਏ) ਚਲੋ ! ਹੁਣ ਸ਼ੁਰੂ ਹੋਵੇ ਅਗਲੀ ਕਾਰਵਾਈ ! ਵਿਚਾਰਾਂ ਦੇ ਆਦਾਨ-ਪ੍ਰਦਾਨ ਸਬੰਧੀ !

**ਚੰਦਰ:** ਪਾਪਾ, ਤੁਸੀਂ ਭਿੰਨ-ਭਿੰਨ ਪ੍ਰਕਾਰ ਦੇ ਪ੍ਰਦੂਸ਼ਣਾਂ ਦੀ ਗੱਲ ਕਰ ਰਹੇ ਸੀ।

**ਪਾਪਾ:** ਪ੍ਰਦੂਸ਼ਣ ਤੋਂ ਬਿਨਾਂ ਉਦਯੋਗੀਕਰਨ ਦੇ ਕਈ ਹੋਰ ਪ੍ਰਭਾਵ ਪਏ ਹਨ। ਨਵੇ ਭਵਨਾਂ ਤੇ ਇਮਾਰਤਾਂ ਦੇ ਨਿਰਮਾਣ, ਸੜਕੀ ਤੇ ਰੇਲ ਆਵਾਜਾਈ ਦੀਆਂ ਵਧਦੀਆਂ ਸਹੂਲਤਾਂ ਆਦਿ ਨੇ ਖੇਤੀ ਯੋਗ ਭੂਮੀ ਦਾ ਸਰੂਪ ਹੀ ਬਦਲ ਦਿੱਤਾ। ਖੇਤੀ ਯੋਗ ਭੂਮੀ ਤੇਜੀ ਨਾਲ ਘੱਟ ਰਹੀ ਹੈ ਤੇ ਇਸ ਨਾਲ ਉਪਜ ਦਾ ਪ੍ਰਭਾਵਿਤ ਹੋਣਾ ਸੁਭਾਵਿਕ ਹੈ।

**ਚੰਦਰ:** ਅੱਛਾ ! ਇਸਦੇ ਤਾਂ ਸਮਾਜ ਦੇ ਤਾਣੇ ਬਾਣੇ ‘ਤੇ ਵੀ ਪੈ ਸਕਦੇ ਨੇ ਕਈ ਮਾੜੇ ਪ੍ਰਭਾਵ !

**ਪਾਪਾ:** ਹਾਂ ! ਇਸ ਪ੍ਰਕਿਰਿਆ ਨਾਲ ਕਈ ਸਮਾਜਿਕ ਪਹਿਲੂ ਵੀ ਜੁੜੇ ਹੋਏ ਹਨ। ਫੈਕਟਰੀ ਲਗਾਉਣ ਲਈ ਧਨ ਅਤੇ ਸੰਸਾਧਨਾਂ ਦੀ ਜ਼ਰੂਰਤ ਪੈਂਦੀ ਹੈ। ਸਫ਼ਲ ਉੱਦਮੀ ਅਥਾਹ ਧਨ ਕਮਾਉਂਦੇ ਹਨ। ਇਸ ਧਨ ਨਾਲ ਉਹ ਵੱਡੀਆਂ-ਵੱਡੀਆਂ ਨਵੀਆਂ ਇਕਾਈਆਂ ਸਥਾਪਿਤ ਕਰਦੇ ਹਨ। ਨਤੀਜਾ - ਕੁਦਰਤੀ ਸੰਸਾਧਨਾਂ ਦਾ ਅੰਧਾਧੁੰਦ ਸ਼ੋਸ਼ਣ।

**ਦਾਦੀ:** ਇਸੇ ਕਿਰਿਆ ਨੇ ਅਮੀਰਾਂ ਨੂੰ ਹੋਰ ਅਮੀਰ ਅਤੇ ਗਰੀਬਾਂ ਨੂੰ ਹੋਰ ਗਰੀਬ ਬਣਾ ਕੇ ਰੱਖ ਦਿੱਤਾ ਹੈ।

**ਕਰਮਜੀਤ:**ਪਾਪਾ, ਤੁਸੀਂ ਤਾਂ ਸਮੱਸਿਆਵਾਂ ਦੀ ਗੱਲ ਕਰ ਰਹੇ ਸੀ। ਕੀ ਹੈ ਸਾਡੇ ਕੋਲ ਉਨ੍ਹਾਂ ਦਾ ਕੋਈ ਹੱਲ ?

…………**ਦ੍ਰਿਸ਼ ਬਦਲਾਅ ਸੰਗੀਤ**………

**#ਧੁਨੀ ਪ੍ਰਭਾਵ ਕੱਪ-ਪਲੇਟ/ਦਰਵਾਜ਼ਾ/ਪੈੜਚਾਲ#**

**ਰਸ਼ਮ:** ਹੱਲ ਪੇਸ਼ ਹੈ। ਲਓ ਜੀ ਹਾਜ਼ਰ ਹੈ ਚਾਹ/ਕਾਫ਼ੀ ਅਤੇ ਨਾਸ਼ਤਾ।

**ਚੰਦਰ:** ਵਾਹ! ਐਨੇ ਲਪਟਾਂ ਮਾਰਦੇ ਸਨੈਕ ਅਤੇ...ਅਤੇ...।

**ਪਾਪਾ:** (ਹੱਸਦੇ ਹੋਏ) ਹਰ ਸਮੱਸਿਆ ਦਾ ਹੱਲ ਮੌਜੂਦ ਹੈ। ਬਸ ਜ਼ਰੂਰਤ ਹੈ ਸੋਚਣ ਦੇ ਨਜ਼ਰੀਏ ਨੂੰ ਬਦਲਣ ਦੀ।

**ਰਸ਼ਮ:** ਪਹਿਲਾਂ ਨਾਸ਼ਤਾ ਅਤੇ ਫਿਰ ਨਜ਼ਰੀਆ (ਹੱਸਦੇ ਹੋਏ)।

**ਕਰਮਜੀਤ:** ਤੁਸੀਂ ਕਿਹੜੇ ਨਜ਼ਰੀਏ ਦੀ ਗੱਲ ਕਰ ਰਹੇ ਹੋ? ਦੱਸੋ ਨਾ...

**ਪਾਪਾ:** ਹਰ ਜਗ੍ਹਾ ਜ਼ਰੂਰਤ ਹੈ ਨਵੀਆਂ ਤਕਨੀਕਾਂ ਦੀ, ਚਾਹੇ ਉਤਪਾਦਨ ਹੋਵੇ ਜਾਂ ਖਪਤ। ਪਥਰਾਹਟੀ ਬਾਲਣਾਂ ਨਾਲ ਹੋ ਰਹੇ ਪ੍ਰਦੂਸ਼ਣ ਦੀ ਰੋਕ ਥਾਮ ਲਈ ਵੀ ਅਜਿਹੇ ਹੀ ਹੱਲ ਪੈਣੇ ਨੇ ਅਪਣਾਉਣੇ ! ਸਾਫ ਊਰਜਾ !

**ਚੰਦਰ:** ਇਸ ਦਾ ਮਤਲਬ ਹੋਇਆ ਕਿ ਸਾਨੂੰ ਸੌਰ ਊਰਜਾ ਨੂੰ ਅਪਨਾਉਣਾ ਹੋਵੇਗਾ?

**ਪਾਪਾ:** ਬਿਲਕੁਲ ਠੀਕ।ਇਹੀ ਇਕ ਰਸਤਾ ਬਚਿਆ ਹੈ। ਇਸ ਨਾਲ ਵਧਦੀ ਮੰਗ ਨੂੰ ਪੂਰਾ ਕੀਤਾ ਜਾ ਸਕੇਗਾ ਅਤੇ ਪ੍ਰਦੂਸ਼ਣ ਵੀ ਘੱਟ ਹੋਵੇਗਾ।

**ਦਾਦੀ:** ਬਿਜਲੀ ਦੇ ਕੱਟਾਂ ਤੋਂ ਵੀ ਬਚਿਆ ਜਾ ਸਕੇਗਾ।

**ਪਾਪਾ:** ਸਹੀ। ਇਸ ਨਾਲ ਪਥਰਾਟੀ ਬਾਲਣ ਦੀ ਖਪਤ ਘੱਟ ਹੋਵੇਗੀ। ਨਤੀਜਾ ਪ੍ਰਦੂਸ਼ਣ ਤੋਂ ਬਚਾਅ। ਅੱਜ ਅਸੀਂ ਪਥਰਾਟੀ ਬਾਲਣਾਂ ਨੂੰ ਉਪਭੋਗ ਦੀ ਇੱਕ ਆਮ ਵਸਤੂ ਦੇ ਰੂਪ ਵਿਚ ਦੇਖਦੇ ਹਾਂ, ਜਦ ਕਿ ਇਹ ਅਮੁੱਲ ਹਨ। ਕਿਉਂਕਿ ਇਨ੍ਹਾਂ ਨੂੰ ਅਸੀਂ ਖੁਦ ਨਹੀਂ ਬਣਾ ਸਕਦੇ। ਅੱਜ ਜ਼ਰੂਰਤ ਹੈ ਸਮਾਰਟ ਤਕਨੀਕ ਵਰਤਣ ਦੀ। ਇਸ ਨਾਲ ਪ੍ਰਦੂਸ਼ਣ ਨੂੰ ਵੀ

ਘੱਟ ਕੀਤਾ ਜਾ ਸਕਦਾ ਹੈ ਅਤੇ ਉਤਪਾਦਨ ਨੂੰ ਵੀ ਵਧਾਇਆ ਜਾ ਸਕਦਾ ਹੈ।

**ਚੰਦਰ:** ਪਾਪਾ, ਸਾਡੇ ਮਾਸਟਰ ਜੀ ਨੇ ਸਾਨੂੰ ਗ੍ਰੀਨ ਹਾਊਸ ਗੈਸਾਂ ਅਤੇ ਕਾਰਬਨ ਫੁੱਟ ਪ੍ਰਿੰਟ ਬਾਰੇ ਵੀ ਦੱਸਿਆ ਸੀ।

**ਪਾਪਾ:**ਕਾਰਬਨ ਉਤਸਰਜਨ ਨੂੰ ਤਾਂ ਘਟਾਉਣਾ ਹੀ ਪਵੇਗਾ। ਭਾਰਤ ਸਮੇਤ ਸਾਰੇ ਦੇਸ਼ ਇਸਨੂੰ ਘੱਟ ਕਰਨ ਵਿਚ ਲੱਗੇ ਹੋਏ ਹਨ। ਇਸ ਵਾਸਤੇ ਨਵੀਆਂ ਤਕਨੀਕਾਂ ਦੀ ਵਰਤੋਂ ਨੂੰ ਹੱਲਾਸ਼ੇਰੀ ਦੇਣੀ ਹੋਵੇਗੀ। ਇਸ ਨਾਲ ਵਾਤਾਵਰਨੀ ਪ੍ਰਦੂਸ਼ਨ ਦੀ ਸਮੱਸਿਆ ਨਾਲ ਨਿਪਟਿਆ ਜਾ ਸਕੇਗਾ। ਪਰੰਤੂ ਸਮਾਜਿਕ ਪਹਿਲੂਆਂ ਉੱਤੇ ਸਾਨੂੰ ਅਲੱਗ ਨਜ਼ਰੀਏ ਤੋਂ ਦੇਖਣਾ ਹੋਵੇਗਾ।

**ਕਰਮਜੀਤ:** ਕਿਹੜੀ ਤਕਨੀਕ ਜ਼ਰੂਰੀ ਹੋਵੇਗੀ ਇਸ ਲਈ?

**ਪਾਪਾ:** ਕਰਮਜੀਤ ਬੇਟੀ, ਕੀ ਤੂੰ ਸਿਲੇਜ ਬਾਰੇ ਸੁਣਿਆ ਹੈ?

**ਚੰਦਰ:** ਸਿ...ਲੇ...ਜ...ਇਹ ਕੀ ਹੈ?

**ਪਾਪਾ:** ਸਿਲੇਜ ਦਾ ਮਤਲਬ ਹੈ- CITY IN A VILLAGE ਭਾਵ "ਇਕ ਪਿੰਡ ਵਿਚ ਸ਼ਹਿਰ"

(ਇਕੱਠੇ ਹੀ)...ਹੈਰਾਨੀ ਨਾਲ...CITY IN A VILLAGE

**ਪਾਪਾ:** ਇਹ ਇਕ ਵਿਚਾਰ ਹੀ ਨਹੀਂ ਹੈ। ਮੰਨੇ-ਪ੍ਰਮੰਨੇ ਵਿਗਿਆਨਕ ਡਾ. ਅਨਿਲ ਕਾਕੋਡਕਰ ਨੇ ਇਹ ਨਵਾਂ ਵਿਚਾਰ ਰੱਖਿਆ ਹੈ। ਇਸਦੇ ਅਨੁਸਾਰ - ਸਾਰੀਆਂ ਮੂਲ-ਭੂਤ ਜ਼ਰੂਰਤਾਂ ਪਿੰਡ ਵਿਚ ਉਪਲੱਬਧ ਕਰਵਾਉਣਾ ਹੈ ਜਾਂ ਕਈ ਪਿੰਡ ਮਿਲ ਕੇ ਆਤਮ-ਨਿਰਭਰ ਪਿੰਡਾਂ ਦਾ ਸਮੂਹ ਬਣਾ ਲੈਣ। ਜਿੱਥੇ ਸਾਰੀਆਂ ਜ਼ਰੂਰਤਾਂ ਪੂਰੀਆਂ ਹੋ ਸਕਣ।

**ਦਾਦੀ:** ਕਿੰਨੀ ਵੱਡੀ ਗੱਲ ਕਹੀ ਹੈ। ਬਾਪੂ ਨੇ ਵੀ ਸਾਨੂੰ ਇਹੀ ਕਿਹਾ ਸੀ। ਕਹਿੰਦੇ ਸੀ -"ਚੱਲੋ ਪਿੰਡ ਵੱਲ"। ਪਿੰਡਾਂ ਵਿਚ ਸਾਰੇ ਮੂਲ-ਭੂਤ ਸਾਧਨ ਉਪਲਬਧ ਕਰਵਾਉਣੇ ਚਾਹੀਦੇ ਹਨ। ਹਜ਼ਾਰਾਂ ਕਾਮਿਆਂ ਦੇ ਅਜਿਹੇ ਉਦਾਹਰਨ ਮਿਲ ਜਾਣਗੇ ਜਿਹੜੇ ਪਿੰਡਾਂ ਵਿਚ ਸਨ, ਜਿਨ੍ਹਾਂ ਨੇ ਆਪਣੇ ਬਲਬੂਤੇ ਹਜ਼ਾਰਾਂ ਰੋਜ਼ਗਾਰ ਪੈਦਾ ਕੀਤੇ। ਮੇਰੇ ਮੋਬਾਇਲ ਫ਼ੋਨ ਵਿਚ ਇਕ ਛੋਟੀ ਡਾਕੂਮੈਂਟਰੀ ਫ਼ਿਲਮ ਹੈ। ਕੀ ਤੁਸੀਂ ਸਾਰੇ ਦੇਖਣਾ ਚਾਹੁੰਦੇ ਹੋ?

**ਕਰਮਜੀਤ ਅਤੇ ਚੰਦਰ:** (ਇਕੱਠੇ ਹੀ) ਹਾਂ ਪਾਪਾ, ਪਲੀਜ਼ ਦਿਖਾਓ ਨਾ।

............**ਦ੍ਰਿਸ਼ ਬਦਲਾਅ ਸੰਗੀਤ**.........

(ਦ੍ਰਿਸ਼ - ਮੋਬਾਇਲ ਫ਼ੋਨ ਚਲਾਉਣ ਦਾ ਧੁਨੀ ਪ੍ਰਭਾਵ)

**ਔਰਤ ਸੂਤਰਧਾਰ:** ਇਹ ਕਹਾਣੀ ਹੈ ਉਸ ਬੰਦੇ ਦੀ, ਜਿਸ ਦਾ ਪਰਿਵਾਰ ਰੋਜ਼ੀ-ਰੋਟੀ ਲਈ ਸੰਘਰਸ਼ ਕਰ ਰਿਹਾ ਸੀ। ਮੈਂ ਗੱਲ ਕਰ ਰਹੀ ਹਾਂ - ਮਨਸੁੱਖ ਭਾਈ ਪ੍ਰਜਾਪਤੀ ਦੀ। ਮਨਸੁੱਖ ਭਾਈ ਦਾ ਪਰਿਵਾਰ ਸ਼ੁਰੂ ਵਿਚ ਸਧਾਰਨ ਮਿੱਟੀ ਦੇ ਬਰਤਨ ਬਣਾਉਂਦਾ ਸੀ। ਉਸਨੇ ਆਪਣੀ ਕਲਾ ਅਤੇ ਮਿਹਨਤ ਨਾਲ, ਰਸੋਈ-ਘਰ ਵਿਚ ਕੰਮ ਆਉਣ ਵਾਲੇ ਬਰਤਨਾਂ ਦੀ ਨਵੀਂ ਲੜੀ ਤਿਆਰ ਕੀਤੀ। ਇਸ ਵਿਚ ਪਾਣੀ ਨੂੰ ਛਾਣਨ ਤੇ ਸਾਫ਼ ਕਰਨ ਦਾ ਫਿਲਟਰ, ਮਿੱਟੀ ਦਾ ਫਰਿੱਜ, ਹਾਟ ਪਲੇਟ, ਕੁੱਕਰ, ਨਾਨ ਸਟਿਕ ਤਵਾ ਅਤੇ ਰੋਜ਼ਾਨਾ ਜੀਵਨ ਵਿਚ ਕੰਮ ਆਉਂਦੇ ਅਨੇਕਾਂ ਬਰਤਨ ਸਨ।

**ਦਾਦੀ:** ਵਾਹ ਬਈ ! ਕਮਾਲ ਹੈ?

**ਵਾਚਕ:** ਉਸ ਨੇ ਇਹ ਸਾਰਾ ਕੁਝ ਇਕ ਉਦਯੋਗਿਕ ਇਕਾਈ ਵਿਚ ਕੰਮ ਕਰਦੇ ਹੋਏ ਸਿੱਖਿਆ ਸੀ। ਉਸ ਕੋਲ ਪੈਸੇ ਨਹੀਂ ਸੀ। ਉਸਨੇ 30,000 ਰੁਪਏ ਵਿਆਜ਼ 'ਤੇ ਉਧਾਰ ਲਏ। ਮਨਸੁੱਖ ਭਾਈ ਮਿਹਨਤੀ ਅਤੇ ਖੋਜੀ ਵਿਚਾਰਾਂ ਵਾਲਾ

ਸੀ। ਉਸਨੇ ਮਿੱਟੀ ਦੇ ਬਰਤਨਾਂ ਦੀ ਨਵੀਂ ਲੜੀ ਪੇਸ਼ ਕੀਤੀ, ਨਵੇਂ-ਨਵੇਂ ਪ੍ਰਯੋਗ ਕੀਤੇ। ਆਕਰਸ਼ਕ ਮਾਡਲਾਂ ਦੇ ਬਰਤਨ ਬਾਜ਼ਾਰ ਵਿਚ ਲਿਆਂਦੇ ਤੇ ਉਨ੍ਹਾਂ ਦੇ ਪੈਟੇਂਟ ਲਏ।ਅੱਜ ਉਹ ਅਨੇਕਾਂ ਦੇਸ਼ਾਂ ਵਿਚ ਆਪਣੇ ਉਤਪਾਦ ਨਿਰਯਾਤ ਕਰਦਾ ਹੈ।

**#ਸੰਗੀਤ ਪ੍ਰਭਾਵ#**

**ਚੰਦਰ:** ਪਾਪਾ, ਮਨਸੁੱਖ ਭਾਈ ਤਾਂ ਕਮਾਲ ਦੇ ਆਦਮੀ ਹਨ।

**ਪਾਪਾ:** ਚੰਦਰ, ਅਜਿਹੇ ਅਨੇਕਾਂ ਉਦਾਹਰਨ, ਤੈਨੂੰ ਮਿਲ ਜਾਣਗੇ। ਇਸੇ ਪ੍ਰਕਾਰ ਬੁਣਕਰਾਂ/ਜੁਲਾਹਿਆਂ ਦਾ ਪਿੰਡ ਹੈ ਸ਼ਾਰਜੀਪੱਟ ਜਿਹੜਾ ਪੈਂਦਾ ਹੈ ਆਂਧਰਾ ਪ੍ਰਦੇਸ਼ ਦੇ ਨਾਲਗੌਂਡਾ ਜ਼ਿਲ੍ਹੇ ਵਿਚ, ਉੱਥੇ ਰਹਿਣ ਵਾਲੇ ਚਿੰਤਾ ਕਿੰਡੀ ਮਲੇਸ਼ਮ ਨੇ ਤਾਂ ਹੱਥ ਖੱਡੀ ਉਦਯੋਗ ਵਿਚ ਕ੍ਰਾਂਤੀ ਲਿਆ ਦਿੱਤੀ ਹੈ। ਪੋਚਾਮਪੱਲੀ ਨੇ ਰੇਸ਼ਮੀ ਸਾੜ੍ਹੀ ਬਣਾਉਣ ਦੀ ਵਿਧੀ ਦਾ ਯੰਤਰਿਕ ਨਵੀਨੀਕਰਨ ਕੀਤਾ। ਪਹਿਲਾਂ ਇਸ ਸਾੜ੍ਹੀ ਨੂੰ ਹੱਥਾਂ ਨਾਲ ਬਣਾਉਣਾ ਪੈਂਦਾ ਸੀ। ਇਕ ਸਾੜ੍ਹੀ ਨੂੰ ਬਣਾਉਣ ਲਈ ਨੌਂ ਹਜ਼ਾਰ ਵਾਰ ਇੱਧਰ-ਉੱਧਰ ਘੁਮਾਉਣਾ ਪੈਂਦਾ ਸੀ। ਨਤੀਜੇ ਵਜੋਂ ਹੱਥਾਂ ਦੇ ਜੋੜਾਂ ਦੀ ਸਮੱਸਿਆ।

**ਕਰਮਜੀਤ:** ਫਿਰ ਤਾਂ ਬਹੁਤ ਚੰਗਾ ਹੋਇਆ, ਇਸ ਵਿਚ ਬਦਲਾਅ ਕਰਕੇ।

**ਪਾਪਾ:** ਚਿੰਤਾ ਕਿੰਡੀ ਨੇ ਮਸ਼ੀਨ ਵਿਚ ਬਦਲਾਅ ਕਰਕੇ ਇਸ ਸਮੱਸਿਆ ਦਾ ਹੱਲ ਕਰ ਦਿੱਤਾ। ਪਰਿਣਾਮ - ਨਾ ਕੇਵਲ ਵਧੀਆ ਸਾੜ੍ਹੀਆਂ ਸਗੋਂ ਦਰਦਨਾਕ ਮਿਹਨਤ ਤੋਂ ਵੀ ਮੁਕਤੀ।

**ਦਾਦੀ:** ਇਹੀ ਤਾਂ ਸਮਾਜ ਦੇ ਸੱਚੇ ਨਾਇਕ ਨੇ !

**ਕਰਮਜੀਤ:** ਇਹ ਨਵ-ਘਾੜਤ ਜੁਗਤਾਂ ਕਿਸੇ ਚਮਤਕਾਰ ਤੋਂ ਘੱਟ ਨਹੀਂ।

**ਪਾਪਾ:** ਇਸੇ ਤਰ੍ਹਾਂ ਦਾ ਹੀ ਚਮਤਕਾਰ ਕਰਕੇ ਦਿਖਾਇਆ ਹੈ, ਤਾਮਿਲਨਾਡੂ ਦੇ ਮਦੁਰਾਈ ਵਿੱਚ ਰਹਿਣ ਵਾਲੇ ਐੱਮ. ਨਾਗਰਾਜਨ ਨੇ। ਉਸਨੇ ਇਕ ਮਸ਼ੀਨ ਬਣਾਈ ਹੈ, ਜਿਹੜੀ ਇਕ ਘੰਟੇ ਵਿਚ 200 ਕਿਲੋਗ੍ਰਾਮ ਲਸਣ ਨੂੰ ਛਿੱਲ ਦਿੰਦੀ ਹੈ।

**ਦਾਦੀ:** ਇਹ ਤਾਂ ਕਮਾਲ ਹੈ। ਲਸਣ ਛਿਲਣਾ ਤਾਂ ਬਹੁਤ ਵੱਡਾ ਕੰਮ ਹੁੰਦਾ ਹੈ।

**ਪਾਪਾ:** ਸਭ ਤੋਂ ਵੱਡੀ ਗੱਲ - ਲਸਣ ਦੀਆਂ ਕਲੀਆਂ ਟੁੱਟਦੀਆਂ ਵੀ ਨਹੀਂ ਅਤੇ ਕਟਦੀਆਂ ਵੀ ਨਹੀਂ।

**ਦਾਦੀ:** ਕਮਾਲ ਹੈ ਫੇਰ ਤਾਂ!

**ਪਾਪਾ:** ਐੱਮ. ਨਾਗਰਾਜਨ ਨੇ ਨਿੰਬੂ ਕੱਟਣ ਵਾਲੀ ਮਸ਼ੀਨ ਵੀ ਬਣਾਈ ਹੈ। ਇਕ ਮਿੰਟ ਵਿਚ ਇਹ ਮਸ਼ੀਨ 160 ਨਿੰਬੂਆਂ ਨੂੰ ਕੱਟ ਦਿੰਦੀ ਹੈ। ਇਹੀ ਨਾਗਰਾਜਨ ਆਪਣੇ ਪੰਜ ਆਦਮੀਆਂ ਦੀ ਟੀਮ ਨਾਲ ਅੱਜ ਇਹ ਮਸ਼ੀਨਾਂ ਤਿਆਰ ਕਰਕੇ ਬਜ਼ਾਰ ਵਿਚ ਉਪਲਬਧ ਕਰਵਾ ਰਹੇ ਹਨ।

**ਕਰਮਜੀਤ:** ਪਾਪਾ, ਤੁਹਾਡੇ ਮੋਬਾਇਲ ਫ਼ੋਨ ਵਿਚ ਤਾਂ ਇਨ੍ਹਾਂ ਮਸ਼ੀਨਾਂ ਦੀ ਫ਼ਿਲਮ ਵੀ ਹੋਵੇਗੀ ਹੀ ?

**ਪਾਪਾ:** ਹਾਂ, ਦਿਖਾਉਂਦਾ ਹਾਂ ਹੁਣੇ ।

**# ਧੁਨੀ ਪ੍ਰਭਾਵ #**

**ਚੰਦਰ:** ਮੈਨੂੰ ਤਾਂ ਪਤਾ ਨਹੀਂ ਸੀ ਕਿ ਸਾਡੇ ਪਿੰਡਾਂ ਵਿਚ ਐਨਾ ਵਧੀਆ ਕੰਮ ਕਰਨ ਵਾਲੇ ਦਿਮਾਗ ਵੀ ਮੌਜੂਦ ਹਨ।

**ਕਰਮਜੀਤ:** ਹੱਸਦੀ ਹੋਈ... ਗੋਦੜੀ ਦੇ ਲਾਲ।

**ਪਾਪਾ:** ਸਾਡੇ ਪਿੰਡਾਂ ਵਿਚ ਪ੍ਰਤਿਭਾ ਦੀ ਕਮੀ ਨਹੀਂ। ਲੋੜ ਹੈ ਹੌਸਲਾ ਅਫਜਾਈ ਤੇ ਪਛਾਣ ਦਿਵਾਉਣ ਦੀ। ਸਾਨੂੰ ਗਾਂਧੀ

ਜੀ ਦੇ ਮੂਲ ਸਿਧਾਂਤ ਵੱਲ ਜਾਣਾ ਪਵੇਗਾ, ਤਾਂ ਹੀ ਅਸੀਂ ਟਿਕਾਊ ਤੇ ਸੰਪੂਰਨ ਵਿਕਾਸ ਦੀ ਗੱਲ ਕਰ ਸਕਾਂਗੇ।

**ਕਰਮਜੀਤ:** ਪਾਪਾ, ਗਾਂਧੀ ਜੀ ਦਾ ਉਹ ਸਿਧਾਂਤ ਕਿਹੜਾ ਸੀ?

**ਪਾਪਾ:** ਗਾਂਧੀ ਜੀ ਕਹਿੰਦੇ ਸਨ - ਉੱਚ ਪੱਧਰੀ ਉਤਪਾਦਨ ਦੀ ਥਾਂ ਸਾਨੂੰ ਜਨ-ਸਮੂਹ ਨੂੰ ਉਤਪਾਦਨ 'ਚ ਲਾਉਣਾ ਚਾਹੀਦਾ ਹੈ। ਅਜਿਹਾ ਕਰਕੇ ਅਸੀਂ ਉਦਯੋਗੀਕਰਨ ਤੋਂ ਉਪਜੀਆਂ ਸਮਾਜਿਕ ਸਮੱਸਿਆਵਾਂ ਦਾ ਹੱਲ ਕਰ ਸਕਦੇ ਹਾਂ।

**ਦਾਦੀ:** ਇਸ ਵਿਚ ਸਾਨੂੰ ਵੱਡੇ ਉਦਯੋਗਾਂ ਦੀ ਜ਼ਰੂਰਤ ਨਹੀਂ ਹੈ। ਇਸ ਨਾਲ ਸਾਡੀ ਕੁਦਰਤ ਬਚੇਗੀ, ਖੇਤ-ਖਲਿਹਾਣ ਬਚਣਗੇ, ਸ਼ਹਿਰ ਅਤੇ ਪਿੰਡ ਬਚਣਗੇ।

**ਚੰਦਰ ਅਤੇ ਕਰਮਜੀਤ:** ਅਤੇ ਨਾਲ ਹੀ ਬਚੇਗੀ ਊਰਜਾ ਅਤੇ ਰਾਸਟਰੀ ਸ੍ਰੋਤ ।

**ਪਾਪਾ:** ਠੀਕ ਸਮਝੇ (ਹੱਸਦੇ ਹੋਏ) ਇਸੇ ਲਈ ਕਿਹਾ ਜਾਂਦਾ ਹੈ, ਇਕ ਲੰਬੀ ਯਾਤਰਾ-ਸ਼ੁਰੂ ਹੁੰਦੀ ਹੈ ਪਹਿਲੇ ਕਦਮ ਤੋਂ ।

(ਸਾਰੇ ਹੱਸਦੇ ਹਨ।)

#ਸਮਾਪਤੀ ਸੰਗੀਤ#

**ਵਿਗਿਆਨ ਪ੍ਰਸ਼ਨੋਤਰੀ**

ਪ੍ਰਸ਼ਨ1. ਭਾਫ਼ ਦੇ ਇੰਜਣ ਦੀ ਖੋਜ ਕਿਸ ਨੇ ਕੀਤੀ ਸੀ?

ਉੱਤਰ: ਜੇਮਸ ਵਾਟਸ ਜਿਹੜੇ ਕਿ ਸਕਾਟਲੈਂਡ ਦੇ ਰਹਿਣ ਵਾਲੇ ਸਨ।

ਪ੍ਰਸ਼ਨ2. ਸਿਲੇਜ ਦਾ ਕੀ ਮਤਲਬ ਹੈ?

ਉੱਤਰ: ਪਿੰਡਾਂ ਦੀਆਂ ਮੂਲ-ਭੂਤ ਜ਼ਰੂਰਤਾਂ ਪਿੰਡਾਂ ਵਿਚ ਹੀ ਉਪਲਬਧ ਕਰਵਾਉਣਾ।